ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com

DAILY CHARHDIKALA, NEW DELHI

Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 157 ਨਵੀਂ ਦਿੱਲੀ, ਸੋਮਵਾਰ 8 ਜੂਨ, 2026, Monday 8 June, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

## ਜੰਮੂ-ਕਸ਼ਮੀਰ ਦੇ ਪੁੰਛ 'ਚ ਇਕ ਦਰਜਨ ਦੁਕਾਨਾਂ ਨੂੰ ਲੱਗੀ ਅੱਗ, ਹੋਈਆਂ ਸੜ ਕੇ ਸੁਆਹ

ਜੰਮੂ, 7 ਜੂਨ (ਪ੍ਰਤੀਨਿਧੀ) : ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿੱਚ ਐਤਵਾਰ ਸਵੇਰੇ ਅੱਗ ਲੱਗਣ ਨਾਲ ਲਗਭਗ ਇੱਕ ਦਰਜਨ ਦੁਕਾਨਾਂ ਸੜ ਗਈਆਂ। ਅਧਿਕਾਰੀਆਂ ਨੇ ਇਸ ਘਟਨਾ ਦੀ ਜਾਣਕਾਰੀ ਦਿੱਤੀ। ਹਾਲਾਂਕਿ, ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਅੱਗ ਸਵੇਰੇ 5 ਵਜੇ ਦੇ ਕਰੀਬ ਮੁਗਲ ਰੋਡ 'ਤੇ ਸਥਿਤ ਬੁਫਲਿਆਜ਼ ਸੈਂਟਰਲ ਮਾਰਕੀਟ ਵਿੱਚ ਲੱਗੀ। ਉਨ੍ਹਾਂ ਕਿਹਾ ਕਿ ਸਥਾਨਕ ਲੋਕਾਂ ਨੇ ਫੌਜ ਅਤੇ ਸੀਆਰਪੀਐਫ ਜਵਾਨਾਂ ਦੀ ਮਦਦ ਨਾਲ ਅੱਗ ਬੁਝਾਉਣ ਦਾ ਕੰਮ ਸ਼ੁਰੂ ਕੀਤਾ।

## ਫਲਾਈਓਵਰ 'ਤੇ ਪਲਟਿਆ ਬੇਕਾਬੂ ਆਟੋ, ਔਰਤ ਦੀ ਮੌਤ

ਨਵੀਂ ਦਿੱਲੀ, 7 ਜੂਨ (ਪ੍ਰਤੀਨਿਧੀ) : ਰਾਸ਼ਟਰੀ ਰਾਜਧਾਨੀ ਦਿੱਲੀ ਦੇ ਦੱਖਣ-ਪੱਛਮੀ ਜ਼ਿਲ੍ਹੇ ਤੋਂ ਇੱਕ ਦਰਦਨਾਕ ਸੜਕ ਹਾਦਸੇ ਦੀ ਖ਼ਬਰ ਮਿਲੀ ਹੈ। ਐਤਵਾਰ ਸਵੇਰੇ ਵਸੰਤ ਕੁੰਜ ਖੇਤਰ ਵਿੱਚ ਰਾਜੋਕਰੀ ਫਲਾਈਓਵਰ 'ਤੇ ਇੱਕ ਥ੍ਰੀ-ਵ੍ਹੀਲਰ ਅਚਾਨਕ ਕੰਟਰੋਲ ਤੋਂ ਬਾਹਰ ਹੋ ਗਿਆ ਅਤੇ ਬੇਕਾਬੂ ਹੋਣ ਕਾਰਨ ਪਲਟ ਗਿਆ। ਦਿੱਲੀ ਫਾਇਰ ਸਰਵਿਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਹਾਦਸੇ ਵਿੱਚ ਇੱਕ 47 ਸਾਲਾ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਤਿੰਨ ਬੱਚਿਆਂ ਸਮੇਤ ਛੇ ਹੋਰ ਗੰਭੀਰ ਜ਼ਖ਼ਮੀ ਹੋ ਗਏ।

*17 ਸੂਬਿਆਂ 'ਚ ਆਈ.ਐਮ.ਡੀ. ਦਾ ਅਲਰਟ ਜਾਰੀ*

## ਅਗਲੇ 2 ਦਿਨ ਅਹਿਮ ! ਹਨ੍ਹੇਰੀ-ਝੱਖੜ ਦੇ ਨਾਲ-ਨਾਲ ਪਵੇਗਾ ਭਾਰੀ ਮੀਂਹ



ਨਵੀਂ ਦਿੱਲੀ, 7 ਜੂਨ (ਪ੍ਰਤੀਨਿਧੀ) : ਦੇਸ਼ ਦੇ ਕਈ ਹਿੱਸਿਆਂ ਵਿੱਚ ਭਿਆਨਕ ਗਰਮੀ ਪੈ ਰਹੀ ਹੈ, ਜਿਸ ਤੋਂ ਲੋਕਾਂ ਨੂੰ ਜਲਦੀ ਰਾਹਤ ਮਿਲ ਸਕਦੀ ਹੈ। ਭਾਰਤੀ ਮੌਸਮ ਵਿਭਾਗ (ਆਈਐਮਡੀ) ਨੇ 7 ਅਤੇ 8 ਜੂਨ ਨੂੰ ਉੱਤਰ ਪ੍ਰਦੇਸ਼, ਬਿਹਾਰ ਅਤੇ ਮਹਾਰਾਸ਼ਟਰ ਸਮੇਤ 17 ਰਾਜਾਂ ਵਿੱਚ ਤੇਜ਼ ਹਨ੍ਹੇਰੀ-ਝੱਖੜ ਆਉਣ, ਮੀਂਹ ਪੈਣ ਅਤੇ ਬਿਜਲੀ ਡਿੱਗਣ ਦੀ ਚੇਤਾਵਨੀ ਜਾਰੀ ਕੀਤੀ ਹੈ। ਕਈ ਖੇਤਰਾਂ ਵਿੱਚ 80 ਤੋਂ 90 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਰਾਜਸਥਾਨ, ਦਿੱਲੀ, ਹਰਿਆਣਾ, ਪੰਜਾਬ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਈ ਇਲਾਕਿਆਂ ਵਿੱਚ 8 ਤੋਂ 12 ਜੂਨ ਦੇ ਵਿਚਕਾਰ ਗਰਮੀ ਦੀ ਲਹਿਰ ਦੀ ਸਥਿਤੀ ਵੀ ਹੋਣ ਦੀ ਸੰਭਾਵਨਾ ਹੈ।ਮੌਸਮ ਵਿਭਾਗ ਦੇ ਅਨੁਸਾਰ ਦੱਖਣ-ਪੱਛਮੀ ਮਾਨਸੂਨ ਮਹਾਰਾਸ਼ਟਰ, ਗੋਆ, ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਉੱਤਰ-ਪੂਰਬੀ ਭਾਰਤ ਦੇ ਕਈ ਹਿੱਸਿਆਂ ਵਿੱਚ ਪਹੁੰਚ ਗਿਆ ਹੈ। ਅਗਲੇ ਕੁਝ ਦਿਨਾਂ ਵਿੱਚ ਤੇਲੰਗਾਨਾ, ਛੱਤੀਸਗੜ੍ਹ, ਓਡੀਸ਼ਾ ਅਤੇ ਹੋਰ ਖੇਤਰਾਂ ਵਿੱਚ ਇਸ ਦੇ ਅੱਗੇ ਵਧਣ ਦੀ ਸੰਭਾਵਨਾ ਹੈ। ਉੱਤਰ ਪ੍ਰਦੇਸ਼ ਦੇ ਪੂਰਵਾਂਚਲ ਖੇਤਰ ਦੇ ਕਈ ਜ਼ਿਲ੍ਹਿਆਂ ਵਿੱਚ ਗਰਜ-ਚਮਕ ਦੇ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਬਿਹਾਰ ਦੇ ਕਈ ਜ਼ਿਲ੍ਹਿਆਂ, ਜਿਨ੍ਹਾਂ ਵਿੱਚ ਪਟਨਾ, ਗਯਾ, ਨਾਲੰਦਾ ਅਤੇ ਵੈਸ਼ਾਲੀ ਸ਼ਾਮਲ ਹਨ, 'ਚ ਹਨ੍ਹੇਰੀ-ਤੂਫ਼ਾਨ ਅਤੇ ਮੀਂਹ ਦਾ ਆਰੇਂਜ਼ ਅਲਰਟ ਜਾਰੀ ਹੈ। ਭਾਗਲਪੁਰ ਅਤੇ ਬਾਂਕਾ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਲੋਕਾਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ। ਆਈਐਮਡੀ ਨੇ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਮਹਾਰਾਸ਼ਟਰ, ਗੋਆ, ਕਰਨਾਟਕ, ਕੇਰਲ, ਓਡੀਸ਼ਾ, ਪੱਛਮੀ ਬੰਗਾਲ, ਸਿੱਕਮ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਤ੍ਰਿਪੁਰਾ, ਮਨੀਪੁਰ, ਪੁਡੂਚੇਰੀ, ਅੰਡੇਮਾਨ ਅਤੇ ਨਿਕੋਬਾਰ ਟਾਪੂ ਅਤੇ ਲੱਦਾਖ ਸਮੇਤ 17 ਰਾਜਾਂ ਵਿੱਚ ਗਰਜ, ਮੀਂਹ ਅਤੇ ਬਿਜਲੀ ਡਿੱਗਣ ਦੀ ਚੇਤਾਵਨੀ ਜਾਰੀ ਕੀਤੀ ਹੈ।

*ਆਮ ਜਨਤਾ 'ਤੇ ਮਹਿੰਗਾਈ ਦੀ ਮਾਰ*

## ਘਰੇਲੂ ਗੈਸ ਸਿਲੰਡਰ ਦੀ ਕੀਮਤ 'ਚ 29 ਰੁਪਏ ਦਾ ਵਾਧਾ




ਨਵੀਂ ਦਿੱਲੀ, 7 ਜੂਨ (ਪ੍ਰਤੀਨਿਧੀ) : ਘਰੇਲੂ ਰਸੋਈ ਗੈਸ ਦੀ ਕੀਮਤ ਵਿੱਚ 29 ਰੁਪਏ ਪ੍ਰਤੀ ਸਿਲੰਡਰ ਦਾ ਵਾਧਾ ਕੀਤਾ ਗਿਆ ਹੈ। ਪਿਛਲੇ ਤਿੰਨ ਮਹੀਨਿਆਂ ਵਿੱਚ ਇਹ ਦੂਜੀ ਵਾਰ ਵਾਧਾ ਹੋਇਆ ਹੈ, ਕਿਉਂਕਿ ਸਰਕਾਰੀ ਤੇਲ ਕੰਪਨੀਆਂ ਅੰਤਰਰਾਸ਼ਟਰੀ ਪੱਧਰ 'ਤੇ ਊਰਜਾ ਦੀਆਂ ਵਧੀਆਂ ਕੀਮਤਾਂ ਨਾਲ ਜੂਝ ਰਹੀਆਂ ਹਨ। ਇੰਡਸਟਰੀ ਦੇ ਸੂਤਰਾਂ ਅਨੁਸਾਰ, ਇਸ ਬਦਲਾਅ ਤੋਂ ਬਾਅਦ 7 ਜੂਨ ਤੋਂ ਦਿੱਲੀ ਵਿੱਚ 14.2 ਕਿੱਲੋ ਵਾਲੇ ਐਲ.ਪੀ.ਜੀ. ਸਿਲੰਡਰ ਦੀ ਕੀਮਤ 913 ਰੁਪਏ ਤੋਂ ਵਧ ਕੇ 942 ਰੁਪਏ ਹੋ ਜਾਵੇਗੀ।

ਇਸ ਤੋਂ ਪਹਿਲਾਂ 7 ਮਾਰਚ ਨੂੰ ਵੀ ਪ੍ਰਤੀ ਸਿਲੰਡਰ 60 ਰੁਪਏ ਦਾ ਵਾਧਾ ਕੀਤਾ ਗਿਆ ਸੀ, ਕਿਉਂਕਿ ਪੱਛਮੀ ਏਸ਼ੀਆ ਦੇ ਟਕਰਾਅ ਕਾਰਨ ਗਲੋਬਲ ਐਨਰਜੀ ਸਪਲਾਈ ਪ੍ਰਭਾਵਿਤ ਹੋਈ ਸੀ ਅਤੇ ਕੌਮਾਂਤਰੀ ਬਾਲਣ ਦੀਆਂ ਕੀਮਤਾਂ ਵਧ ਗਈਆਂ ਸਨ। ਸੂਤਰਾਂ ਦਾ ਕਹਿਣਾ ਹੈ ਕਿ ਇਸ ਵਾਧੇ ਨਾਲ ਘਰੇਲੂ ਐਲ.ਪੀ.ਜੀ. ਦੀ ਵਿਕਰੀ 'ਤੇ ਹੋ ਰਹੇ ਨੁਕਸਾਨ ਦੀ ਸਿਰਫ਼ ਕੁਝ ਹੱਦ ਤੱਕ ਹੀ ਭਰਪਾਈ ਹੋਈ ਹੈ। ਇਸ ਤਾਜ਼ਾ ਬਦਲਾਅ ਤੋਂ ਪਹਿਲਾਂ, ਸਰਕਾਰੀ ਤੇਲ ਮਾਰਕੀਟਿੰਗ ਕੰਪਨੀਆਂ ਨੂੰ ਹਰ ਐਲ.ਪੀ.ਜੀ. ਸਿਲੰਡਰ ਦੀ ਵਿਕਰੀ 'ਤੇ ਲਗਪਗ 703 ਰੁਪਏ ਦਾ ਨੁਕਸਾਨ ਹੋ ਰਿਹਾ ਸੀ।ਇਹ ਵਾਧਾ ਬਾਕੀ ਬਾਲਣਾਂ ਦੀਆਂ ਵਧ ਰਹੀਆਂ ਕੀਮਤਾਂ ਦੇ ਵਿਚਕਾਰ ਹੋਇਆ ਹੈ। ਮਈ ਦੇ ਅੱਧ ਤੋਂ ਹੁਣ ਤੱਕ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕੁੱਲ 7.5 ਰੁਪਏ ਪ੍ਰਤੀ ਲੀਟਰ ਦਾ ਵਾਧਾ ਹੋਇਆ ਹੈ, ਜਦੋਂ ਕਿ ਸੀ.ਐਨ.ਜੀ. ਦੀਆਂ ਦਰਾਂ ਵੀ ਲਗਪਗ 6 ਰੁਪਏ ਪ੍ਰਤੀ ਕਿੱਲੋ ਵਧੀਆਂ ਹਨ।

ਇਸ ਵਾਧੇ ਦੇ ਬਾਵਜੂਦ, ਤੇਲ ਕੰਪਨੀਆਂ ਪੈਟਰੋਲ ਅਤੇ ਡੀਜ਼ਲ ਨੂੰ ਲਾਗਤ (ਕਾਸਟ) ਤੋਂ ਘੱਟ ਕੀਮਤ 'ਤੇ ਵੇਚ ਰਹੀਆਂ ਹਨ। ਸੂਤਰਾਂ ਮੁਤਾਬਕ ਕੰਪਨੀਆਂ ਨੂੰ ਪੈਟਰੋਲ 'ਤੇ ਲਗਪਗ 11 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 'ਤੇ 33.6 ਰੁਪਏ ਪ੍ਰਤੀ ਲੀਟਰ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਫਿਲਹਾਲ, ਸਰਕਾਰ ਨੇ ਅੰਤਰਰਾਸ਼ਟਰੀ ਪੱਧਰ 'ਤੇ ਵਧੀਆਂ ਕੀਮਤਾਂ ਦਾ ਪੂਰਾ ਬੋਝ ਗਾਹਕਾਂ 'ਤੇ ਪਾਉਣ ਤੋਂ ਗੁਰੇਜ਼ ਕੀਤਾ ਹੈ ਅਤੇ ਗਲੋਬਲ ਕੱਚੇ ਤੇਲ ਦੇ ਬਾਜ਼ਾਰ ਵਿੱਚ ਉਤਾਰ-ਚੜ੍ਹਾਅ ਦੇ ਚੱਲਦਿਆਂ, ਇਸ ਨੁਕਸਾਨ ਦਾ ਕੁਝ ਹਿੱਸਾ ਸਰਕਾਰੀ ਤੇਲ ਕੰਪਨੀਆਂ ਰਾਹੀਂ ਖੁਦ ਸਹਿਣ ਕੀਤਾ ਹੈ।

## 'ਕਾਕਰੋਚ ਜਨਤਾ ਪਾਰਟੀ' ਦੇ ਪ੍ਰਦਰਸ਼ਨ 'ਚ 7000 ਲੋਕਾਂ ਨੇ ਲਿਆ ਹਿੱਸਾ: ਸੀਜੇਪੀ ਮੁਖੀ ਅਭਿਜੀਤ ਦੀਪਕੇ




ਛਤਰਪਤੀ ਸੰਭਾਜੀਨਗਰ, 7 ਜੂਨ (ਪ੍ਰਤੀਨਿਧੀ) : ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਐਤਵਾਰ ਨੂੰ ਕਿਹਾ ਕਿ ਪ੍ਰੀਖਿਆਵਾਂ ਅਤੇ ਭਰਤੀ ਪ੍ਰੀਖਿਆਵਾਂ ਵਿੱਚ ਕਥਿਤ ਬੇਨਿਯਮੀਆਂ ਵਿਰੁੱਧ ਉਨ੍ਹਾਂ ਦਾ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਅਸਤੀਫਾ ਨਹੀਂ ਦਿੰਦੇ। ਦੀਪਕ ਨੇ ਇਹ ਵੀ ਕਿਹਾ ਕਿ ਸ਼ਨੀਵਾਰ ਨੂੰ ਨਵੀਂ ਦਿੱਲੀ ਦੇ ਜੰਤਰ-ਮੰਤਰ 'ਤੇ ਉਨ੍ਹਾਂ ਦਾ ਵਿਰੋਧ ਪ੍ਰਦਰਸ਼ਨ ਕਾਫ਼ੀ ਹੱਦ ਤੱਕ ਸਫਲ ਰਿਹਾ, ਜਿਸ ਵਿੱਚ ਲਗਭਗ 7,000 ਲੋਕਾਂ ਨੇ ਹਿੱਸਾ ਲਿਆ। ਇਹ ਅੰਦੋਲਨ ਹੁਣ ਦੇਸ਼ ਭਰ ਵਿੱਚ ਫੈਲ ਜਾਵੇਗਾ।

ਸੀਜੇਪੀ ਦੇ ਸੰਸਥਾਪਕ ਐਤਵਾਰ ਸਵੇਰੇ ਮਹਾਰਾਸ਼ਟਰ ਦੇ ਛਤਰਪਤੀ ਸੰਭਾਜੀਨਗਰ ਜ਼ਿਲ੍ਹੇ ਦੇ ਐਮਆਈਡੀਸੀ ਵਲੂਜ ਖੇਤਰ ਵਿੱਚ ਆਪਣੀ ਰਿਹਾਇਸ਼ 'ਤੇ ਪਹੁੰਚੇ, ਜਿੱਥੇ ਉਨ੍ਹਾਂ ਦਾ ਪਰਿਵਾਰਕ ਮੈਂਬਰਾਂ ਨੇ ਸਵਾਗਤ ਕੀਤਾ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਦੀਪਕ ਨੇ ਕਿਹਾ ਕਿ 'ਕਾਕਰੋਚ ਜਨਤਾ ਪਾਰਟੀ' ਅੰਦੋਲਨ ਉਦੋਂ ਤੱਕ ਨਹੀਂ ਰੁਕੇਗਾ, ਜਦੋਂ ਤੱਕ ਸਿੱਖਿਆ ਮੰਤਰੀ ਅਸਤੀਫਾ ਨਹੀਂ ਦੇ ਦਿੰਦੇ। ਉਨ੍ਹਾਂ ਕਿਹਾ, 'ਜੰਤਰ-ਮੰਤਰ 'ਤੇ ਸਾਡਾ ਵਿਰੋਧ ਪ੍ਰਦਰਸ਼ਨ ਸਫਲ ਰਿਹਾ, ਜਿਸ ਵਿੱਚ 6,000 ਤੋਂ 7,000 ਲੋਕਾਂ ਨੇ ਹਿੱਸਾ ਲਿਆ। ਇਹ ਅੰਦੋਲਨ ਦੇਸ਼ ਵਿਆਪੀ ਹੋਵੇਗਾ। ਅਸੀਂ ਧਰਮਿੰਦਰ ਪ੍ਰਧਾਨ ਦੇ ਅਸਤੀਫਾ ਦੇਣ ਤੱਕ ਪਿੱਛੇ ਨਹੀਂ ਹਟਾਂਗੇ।'

ਦੀਪਕ ਨੇ ਕਿਹਾ, 'ਅਸੀਂ ਇਸ ਅੰਦੋਲਨ ਨੂੰ ਦੇਸ਼ ਵਿਆਪੀ ਬਣਾਉਣ ਲਈ ਇੱਕ ਹੋਰ ਕਾਰਜ ਯੋਜਨਾ ਤਿਆਰ ਕਰਾਂਗੇ।' ਸ਼ਨੀਵਾਰ ਨੂੰ ਸੈਂਕੜੇ ਪ੍ਰਦਰਸ਼ਨਕਾਰੀ ਦਿੱਲੀ ਦੇ ਜੰਤਰ-ਮੰਤਰ 'ਤੇ ਸੀਜੇਪੀ ਦੇ ਬੈਨਰ ਹੇਠ ਇਕੱਠੇ ਹੋਏ ਅਤੇ ਪ੍ਰੀਖਿਆਵਾਂ ਅਤੇ ਭਰਤੀ ਪ੍ਰੀਖਿਆਵਾਂ ਵਿੱਚ ਕਥਿਤ ਬੇਨਿਯਮੀਆਂ ਨੂੰ ਲੈ ਕੇ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕੀਤੀ। ਦੀਪਕ ਨੇ ਪ੍ਰਦਰਸ਼ਨਕਾਰੀਆਂ ਨੂੰ ਸੁਨੇਹਾ ਦਿੱਤਾ ਕਿ ਉਨ੍ਹਾਂ ਨੂੰ 'ਡਰਨ' ਦੀ ਲੋੜ ਨਹੀਂ ਹੈ। ਬਾਅਦ ਵਿੱਚ ਰਾਸ਼ਟਰੀ ਰਾਜਧਾਨੀ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਸੀਜੇਪੀ ਦੇ ਬੁਲਾਰਿਆਂ ਨੇ ਐਲਾਨ ਕੀਤਾ ਕਿ ਉਹ ਅਸਤੀਫਾ ਲਈ ਇੱਕ ਹਫ਼ਤੇ ਦੀ ਉਡੀਕ ਕਰਨਗੇ।

*ਰਾਜਸਥਾਨ ਸਰਕਾਰ ਨੇ ਕੀਤਾ ਵੱਡਾ ਐਲਾਨ*

## ਧੀ ਦੇ ਜਨਮ 'ਤੇ ਹੁਣ ਮਿਲਣਗੇ 50,000 ਰੁਪਏ !



ਜੈਪੁਰ, 7 ਜੂਨ (ਪ੍ਰਤੀਨਿਧੀ) : ਕੇਂਦਰ ਅਤੇ ਰਾਜ ਸਰਕਾਰਾਂ ਦੇਸ਼ ਦੀਆਂ ਧੀਆਂ ਨੂੰ ਆਤਮਨਿਰਭਰ ਅਤੇ ਸਿੱਖਿਅਤ ਬਣਾਉਣ ਲਈ ਲਗਾਤਾਰ ਕਈ ਵੱਡੀਆਂ ਯੋਜਨਾਵਾਂ ਲਾਗੂ ਕਰ ਰਹੀਆਂ ਹਨ। ਇਸ ਸਬੰਧ ਵਿੱਚ ਰਾਜਸਥਾਨ ਸਰਕਾਰ ਦੀ ਇੱਕ ਬਹੁਤ ਹੀ ਸ਼ਾਨਦਾਰ ਅਤੇ ਮਹੱਤਵਾਕਾਂਖੀ ਯੋਜਨਾ ਇਨ੍ਹੀਂ ਦਿਨੀਂ ਸੁਰਖੀਆਂ ਵਿੱਚ ਹੈ, ਜਿਸਦਾ ਨਾਮ 'ਮੁੱਖ ਮੰਤਰੀ ਰਾਜਸ਼੍ਰੀ ਯੋਜਨਾ' ਹੈ। ਇਹ ਵਿਸ਼ੇਸ਼ ਯੋਜਨਾ ਸੂਬੇ ਦੀਆਂ ਧੀਆਂ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੀ ਪੂਰੀ ਸਕੂਲੀ ਪੜ੍ਹਾਈ (12ਵੀਂ ਜਮਾਤ) ਤੱਕ ਦੇ ਸਾਰੇ ਵਿੱਤੀ ਖਰਚਿਆਂ ਨੂੰ ਕਵਰ ਕਰਦੀ ਹੈ।ਇਸ ਯੋਜਨਾ ਦੇ ਤਹਿਤ ਯੋਗ ਧੀਆਂ ਨੂੰ ਜਨਮ ਤੋਂ ਲੈ ਕੇ 12ਵੀਂ ਜਮਾਤ ਪੂਰੀ ਕਰਨ ਤੱਕ ਪੜਾਵਾਂ ਵਿੱਚ ?50,000 ਦੀ ਵਿੱਤੀ ਸਹਾਇਤਾ ਮਿਲਦੀ ਹੈ। ਇਹ ਸਾਰੀ ਰਕਮ ਸਿੱਧੀ ਧੀ ਦੇ ਨਾਮ 'ਤੇ ਖੋਲ੍ਹੇ ਗਏ ਬੈਂਕ ਖਾਤੇ (ਡਾਇਰੈਕਟ ਬੈਨੀਫਿਟ ਟ੍ਰਾਂਸਫਰ) ਵਿੱਚ ਟ੍ਰਾਂਸਫਰ ਕੀਤੀ ਜਾਂਦੀ ਹੈ। ਇਸ ਨਾਲ ਘਰ ਵਿਚ ਧੀ ਦੇ ਜਨਮ ਹੋਣ ਤੋਂ ਲੈ ਕੇ ਉਸ ਦੀ ਪੂਰੀ ਸਕੂਲੀ ਪੜ੍ਹਾਈ ਦਾ ਖ਼ਰਚਾ ਸਰਕਾਰ ਵਲੋਂ ਚੁੱਕਿਆ ਜਾਵੇਗਾ। ਇਸ ਯੋਜਨਾ ਦਾ ਮੁੱਖ ਉਦੇਸ਼ ਰਾਜ ਵਿੱਚ ਲਿੰਗ ਅਨੁਪਾਤ (ਔਰਤ-ਪੁਰਸ਼ ਅਨੁਪਾਤ) ਵਿੱਚ ਸੁਧਾਰ ਕਰਨਾ, ਭਰੂਣ ਹੱਤਿਆ ਵਰਗੀਆਂ ਬੁਰਾਈਆਂ ਨੂੰ ਰੋਕਣਾ ਅਤੇ ਧੀਆਂ ਦੀ ਸਿਹਤ ਅਤੇ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਹੈ। ਦੱਸ ਦੇਈਏ ਕਿ ਰਾਜਸਥਾਨ ਸਰਕਾਰ ਨੇ ਇਹ ਯੋਜਨਾ 2016 ਵਿੱਚ ਸ਼ੁਰੂ ਕੀਤੀ ਸੀ। ਉਦੋਂ ਤੋਂ ਲੈ ਕੇ ਅੱਜ ਤੱਕ ਇਹ ਰਾਜ ਵਿੱਚ ਲੱਖਾਂ ਧੀਆਂ ਦੇ ਜੀਵਨ ਨੂੰ ਬਿਹਤਰ ਬਣਾ ਰਹੀ ਹੈ।

## ਦਿੱਲੀ ਅਦਾਲਤ ਨੇ ਟਾਈਟਲਰ ਨੂੰ ਪਾਸਪੋਰਟ ਨਵਿਆਉਣ ਲਈ ਦਿਤੀ ਐਨ.ਓ.ਸੀ.



ਨਵੀਂ ਦਿੱਲੀ, 7 ਜੂਨ (ਪ੍ਰਤੀਨਿਧੀ) : ਦਿੱਲੀ ਦੀ ਇਕ ਅਦਾਲਤ ਨੇ ਸਨਿਚਰਵਾਰ ਨੂੰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੇ ਪਾਸਪੋਰਟ ਨੂੰ ਨਵਿਆਉਣ (ਰੀਨਿਊ) ਲਈ 'ਕੋਈ ਇਤਰਾਜ਼ ਨਹੀਂ ਸਰਟੀਫਿਕੇਟ' (ਐਨ.ਓ.ਸੀ.) ਜਾਰੀ ਕਰਨ ਦੀ ਅਰਜ਼ੀ ਨੂੰ ਪ੍ਰਵਾਨਗੀ ਦੇ ਦਿਤੀ ਹੈ। ਟਾਈਟਲਰ 1984 ਦੇ ਸਿੱਖ ਕਤਲੇਆਮ ਦੇ ਇਕ ਮਾਮਲੇ ਵਿਚ ਅਦਾਲਤੀ ਸੁਣਵਾਈ ਦਾ ਸਾਹਮਣਾ ਕਰ ਰਹੇ ਹਨ। ਅਦਾਲਤ ਨੇ ਇਹ ਸਾਫ਼ ਕਰ ਦਿਤਾ ਹੈ ਕਿ ਉਹ ਅਦਾਲਤ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਵਿਦੇਸ਼ ਯਾਤਰਾ ਨਹੀਂ ਕਰ ਸਕਦੇ।

ਵਿਸ਼ੇਸ਼ ਜੱਜ ਜਿਤੇਂਦਰ ਸਿੰਘ ਨੇ ਸਪਸ਼ਟ ਕਰਦਿਆਂ ਕਿਹਾ ਕਿ ਇਹ ਹੁਕਮ ਪਾਸਪੋਰਟ ਅਥਾਰਟੀ ਲਈ ਕੋਈ ਹੁਕਮ ਨਹੀਂ ਹੈ, ਬਲਕਿ ਸਿਰਫ਼ ਇਕ 'ਨਾ-ਇਤਰਾਜ਼' ਹੈ। ਅਦਾਲਤ ਨੇ ਟਾਈਟਲਰ ਦੇ ਵਤੀਰੇ 'ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ, "ਬਿਨੈਕਾਰ ਮੁਕੱਦਮੇ ਦੀ ਸੁਣਵਾਈ ਦੌਰਾਨ ਨਿਯਮਿਤ ਤੌਰ 'ਤੇ ਅਦਾਲਤ ਵਿਚ ਪੇਸ਼ ਹੋ ਰਿਹਾ ਹੈ ਅਤੇ ਰੀਕਾਰਡ 'ਤੇ ਅਜਿਹਾ ਕੁੱਝ ਵੀ ਨਹੀਂ ਹੈ ਜੋ ਉਸ 'ਤੇ ਲਗਾਈਆਂ ਗਈਆਂ ਸ਼ਰਤਾਂ ਦੀ ਉਲੰਘਣਾ ਨੂੰ ਦਰਸਾਉਂਦਾ ਹੋਵੇ।"

## ਸੁੱਖਣਾ ਲਾਉਣ ਜਾ ਰਹੇ ਪਰਿਵਾਰ ਨਾਲ ਵਡੋਦਰਾ 'ਚ ਸੜਕ ਹਾਦਸਾ, 4 ਮੌਤਾਂ



ਵਡੋਦਰਾ, 7 ਜੂਨ (ਪ੍ਰਤੀਨਿਧੀ) : ਵਡੋਦਰਾ ਨੇੜੇ ਦਿੱਲੀ-ਮੁੰਬਈ ਐਕਸਪ੍ਰੈਸਵੇਅ 'ਤੇ ਸੜਕ ਦੇ ਗਲਤ ਪਾਸੇ ਜਾ ਰਹੀ ਇੱਕ ਵੈਨ ਦੇ ਦੂਜੇ ਵਾਹਨ ਨਾਲ ਟਕਰਾਉਣ ਨਾਲ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਇਸ ਦਰਦਨਾਕ ਹਾਦਸੇ ਵਿਚ ਪੰਜ ਹੋਰ ਜ਼ਖਮੀ ਹੋ ਗਏ। ਵਡੋਦਰਾ ਤਾਲੁਕਾ ਪੁਲਿਸ ਸਟੇਸ਼ਨ ਦੇ ਇੰਸਪੈਕਟਰ ਆਰ.ਵੀ. ਗੋਹਿਲ ਨੇ ਕਿਹਾ ਕਿ ਇਹ ਹਾਦਸਾ ਸ਼ਨੀਵਾਰ ਰਾਤ 11.30 ਵਜੇ ਦੇ ਕਰੀਬ ਸਮਿਆਲਾ ਪਿੰਡ ਨੇੜੇ ਵਾਪਰਿਆ।

ਪੁਲਿਸ ਨੇ ਕਿਹਾ ਕਿ ਪੀੜਤ ਵਡੋਦਰਾ ਜ਼ਿਲ੍ਹੇ ਦੇ ਅੰਪਾਡ ਪਿੰਡ ਤੋਂ ਇੱਕ ਧਾਰਮਿਕ ਸੁੱਖਣਾ ਪੂਰੀ ਕਰਨ ਲਈ ਮਾਰੂਤੀ ਈਕੋ ਵੈਨ 'ਚ ਯਾਤਰਾ ਕਰ ਰਹੇ ਸਨ। ਡਰਾਈਵਰ ਨਰਿੰਦਰ ਸਿੰਘ ਰਾਠੌੜ ਅਹਿਮਦਾਬਾਦ ਵੱਲ ਜਾਣ ਦੀ ਬਜਾਏ ਗਲਤੀ ਨਾਲ ਮੁੰਬਈ ਜਾਣ ਵਾਲੇ ਕੈਰੇਜਵੇਅ 'ਤੇ ਚਲਾ ਗਿਆ। ਲਗਭਗ ਚਾਰ ਕਿਲੋਮੀਟਰ ਸਫ਼ਰ ਕਰਨ ਤੋਂ ਬਾਅਦ ਸਵਾਰੀਆਂ ਨੂੰ ਗਲਤੀ ਦਾ ਅਹਿਸਾਸ ਹੋਇਆ। ਗੋਹਿਲ ਨੇ ਕਿਹਾ ਕਿ ਰਾਠੌੜ ਨੇ ਫਿਰ ਕਥਿਤ ਤੌਰ 'ਤੇ ਉਸੇ ਲੇਨ 'ਤੇ ਯੂ-ਟਰਨ ਲਿਆ ਅਤੇ ਐਕਸਪ੍ਰੈਸਵੇਅ ਦੇ ਗਲਤ ਪਾਸੇ ਗੱਡੀ ਚਲਾਉਣੀ ਸ਼ੁਰੂ ਕਰ ਦਿੱਤੀ। ਲਕਸ਼ਮੀਪੁਰਾ ਪਿੰਡ ਦੀ ਹੱਦ 'ਚ ਟੋਲ ਪਲਾਜ਼ਾ ਨੇੜੇ ਈਕੋ ਵੈਨ ਕਥਿਤ ਤੌਰ 'ਤੇ ਇੱਕ ਅਣਪਛਾਤੇ ਵਾਹਨ ਨਾਲ ਟਕਰਾ ਗਈ।

ਹਾਦਸੇ ਦੇ ਮ੍ਰਿਤਕਾਂ ਦੀ ਪਛਾਣ ਗੌਰੀ ਸੋਲੰਕੀ, ਦਲਪਤ ਮੇਵਾੜਾ, ਨਰਿੰਦਰ ਸਿੰਘ ਰਾਠੌੜ ਅਤੇ ਪ੍ਰਹਿਲਾਦ ਬਰਾਡ ਵਜੋਂ ਹੋਈ ਹੈ। ਪੰਜ ਹੋਰ, ਜਿਨ੍ਹਾਂ ਵਿੱਚੋਂ ਚਾਰ ਦੀ ਪਛਾਣ ਕਨੂਭਾਈ ਮੇਵਾੜਾ, ਰਮੇਸ਼ ਸੋਲੰਕੀ, ਲਕਸ਼ਮੀ ਸੋਲੰਕੀ ਅਤੇ ਧਰਮਿਸ਼ਠਾ ਬਰਾਡ ਵਜੋਂ ਹੋਈ ਹੈ, ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਡਾਕਟਰੀ ਇਲਾਜ ਲਈ ਲਿਜਾਇਆ ਗਿਆ।

ਅਧਿਕਾਰੀ ਨੇ ਕਿਹਾ ਕਿ ਵਡੋਦਰਾ ਤਾਲੁਕਾ ਪੁਲਿਸ ਨੇ ਭਾਰਤੀ ਨਿਆ ਸੰਹਿਤਾ ਤੇ ਮੋਟਰ ਵਾਹਨ ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ ਅਤੇ ਟੱਕਰ 'ਚ ਸ਼ਾਮਲ ਦੂਜੇ ਵਾਹਨ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ।

## 'ਇੰਡੀਆ' ਗਠਜੋੜ ਦੀ ਭਲਕੇ ਦਿੱਲੀ 'ਚ ਅਹਿਮ ਹੋਵੇਗੀ ਬੈਠਕ, 23 ਪਾਰਟੀਆਂ ਹੋਣਗੀਆਂ ਸ਼ਾਮਲ

ਨਵੀਂ ਦਿੱਲੀ, 7 ਜੂਨ (ਅੰਮ੍ਰਿਤਪਾਲ ਸਿੰਘ) : ਦੇਸ਼ ਦੀਆਂ 23 ਪ੍ਰਮੁੱਖ ਸਿਆਸੀ ਪਾਰਟੀਆਂ ਨੇ ਸੋਮਵਾਰ ਨੂੰ ਨਵੀਂ ਦਿੱਲੀ ਦੇ ਕਾਂਸਟੀਚਿਊਸ਼ਨ ਕਲੱਬ 'ਚ ਹੋਣ ਵਾਲੀ 'ਇੰਡੀਆ' ਗਠਜੋੜ ਦੀ ਵਿਸ਼ੇਸ਼ ਬੈਠਕ 'ਚ ਸ਼ਾਮਲ ਹੋਣ ਦੀ ਪੁਸ਼ਟੀ ਕੀਤੀ ਹੈ। ਇਹ ਬੈਠਕ ਦੁਪਹਿਰ 12 ਵਜੇ ਸ਼ੁਰੂ ਹੋਵੇਗੀ, ਜਿਸ ਦਾ ਮੁੱਖ ਉਦੇਸ਼ ਮੋਦੀ ਸਰਕਾਰ ਦੀਆਂ ਕਥਿਤ ਲੋਕ-ਵਿਰੋਧੀ ਨੀਤੀਆਂ ਵਿਰੁੱਧ ਸਾਂਝੀ ਰਣਨੀਤੀ ਤਿਆਰ ਕਰਨਾ ਹੈ। ਇਹ ਜਾਣਕਾਰੀ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦਿੱਤੀ।

ਸੋਸ਼ਲ ਮੀਡੀਆ 'ਚ ਪੋਸਟ ਕਰਦਿਆਂ ਜੈਰਾਮ ਰਮੇਸ਼ ਨੇ ਕਿਹਾ ਹੈ ਕਿ ਸਰਕਾਰ ਅਜਿਹੀਆਂ ਕਾਰਵਾਈਆਂ ਕਰ ਰਹੀ ਹੈ ਜੋ ਲੱਖਾਂ ਭਾਰਤੀਆਂ ਤੋਂ ਉਨ੍ਹਾਂ ਦਾ ਵੋਟ ਪਾਉਣ ਦਾ ਅਧਿਕਾਰ ਖੋਹ ਰਹੀਆਂ ਹਨ ਅਤੇ ਸੰਵਿਧਾਨ 'ਤੇ ਰੋਜ਼ਾਨਾ ਹਮਲੇ ਕੀਤੇ ਜਾ ਰਹੇ ਹਨ।

ਵਿਰੋਧੀ ਧਿਰਾਂ ਅਨੁਸਾਰ ਸਰਕਾਰੀ ਜਾਂਚ ਏਜੰਸੀਆਂ ਰਾਹੀਂ ਵਿਰੋਧੀ ਨੇਤਾਵਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਬੈਠਕ ਤੋਂ ਪਹਿਲਾਂ ਜਾਰੀ ਕੀਤੇ ਗਏ ਰੁਖ਼ 'ਚ ਕਿਹਾ ਗਿਆ ਹੈ ਕਿ ਸਰਕਾਰ ਦੀਆਂ ਨੀਤੀਆਂ ਕਰੋੜਾਂ ਭਾਰਤੀਆਂ ਦੀ ਰੋਜ਼ੀ-ਰੋਟੀ ਨੂੰ ਗੰਭੀਰ ਨੁਕਸਾਨ ਪਹੁੰਚਾ ਰਹੀਆਂ ਹਨ। ਲਗਾਤਾਰ ਵੱਧ ਰਹੀ ਮਹਿੰਗਾਈ ਕਾਰਨ ਆਮ ਲੋਕਾਂ ਦਾ ਘਰੇਲੂ ਬਜਟ ਵਿਗੜ ਰਿਹਾ ਹੈ ਅਤੇ ਲੱਖਾਂ ਨੌਜਵਾਨਾਂ ਦੀਆਂ ਉਮੀਦਾਂ ਨਾਲ ਵਿਸ਼ਵਾਸਘਾਤ ਹੋ ਰਿਹਾ ਹੈ।

*ਧੂਰੀ ਪੁੱਜੇ ਹਰਿਆਣਾ ਦੇ ਮੁੱਖ ਮੰਤਰੀ*

## ਹਰਿਆਣਾ 'ਚ ਸਾਰੀਆਂ ਫ਼ਸਲਾਂ ਐਮ.ਐਸ.ਪੀ. 'ਤੇ ਖ਼ਰੀਦੀ ਜਾ ਰਹੀਆਂ ਹਨ : ਸੈਣੀ



ਫੋਟੋ:ਹਰਸਿਮਰਨ ਸਿੰਘ

ਸੰਗਰੂਰ/ਧੂਰੀ, 7 ਜੂਨ (ਅੰਮ੍ਰਿਤਪਾਲ ਸਿੰਘ) : ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੱਲੋਂ ਅੱਜ ਸੰਗਰੂਰ ਦੇ ਧੂਰੀ ਹਲਕੇ ਵਿਚ ਰੈਲੀ ਕੀਤੀ ਗਈ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਮੌਜੂਦ ਰਹੇ। ਇਸ ਦੌਰਾਨ ਜਿੱਥੇ ਉਨ੍ਹਾਂ ਪੰਜਾਬ ਸਰਕਾਰ ਨੂੰ ਲੰਮੇ ਹੱਥੀ ਲਿਆ, ਉਥੇ ਹੀ ਉਨ੍ਹਾਂ ਹਰਿਆਣਾ ਵਿਚ ਭਾਜਪਾ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਦਾ ਵੀ ਜ਼ਿਕਰ ਕੀਤਾ।

ਨਾਇਬ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਸਾਰੀਆਂ ਫ਼ਸਲਾਂ ਐਮਐਸਪੀ 'ਤੇ ਖ਼ਰੀਦਣ ਦਾ ਕੰਮ ਕਰ ਰਹੀ ਹੈ। ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ ਜੋ ਐਮਐਸਪੀ 'ਤੇ ਖ਼ਰੀਦ ਕਰਦਾ ਹੈ। ਸਰਕਾਰ ਕਿਸੇ ਆਫ਼ਤ ਕਾਰਨ ਹੋਏ ਨੁਕਸਾਨ ਦੀ ਭਰਪਾਈ ਵੀ ਕਰਦੀ ਹੈ।ਪੰਜਾਬ ਸਰਕਾਰ 'ਤੇ ਤੰਜ ਕੱਸਦੇ ਸੈਣੀ ਨੇ ਕਿਹਾ ਕਿ ਚੁਟਕਲਿਆਂ ਨਾਲ ਕੰਮ ਨਹੀਂ ਚੱਲਦਾ ਹੈ। ਕੰਮ ਕਰਾਂਗੇ ਤਾਂ ਸੂਬਾ ਚੱਲੇਗਾ।

## ਨੀਟ-ਯੂ.ਜੀ.-2026: ਪ੍ਰਸ਼ਨ ਪੱਤਰਾਂ ਦੀ ਸੁਰੱਖਿਅਤ ਪਹੁੰਚ ਲਈ ਭਾਰਤੀ ਹਵਾਈ ਸੈਨਾ ਸੰਭਾਲੇਗੀ ਕਮਾਨ

### ਜੀਪੀਐਸ ਟ੍ਰੈਕਿੰਗ, ਬਾਇਓਮੀਟ੍ਰਿਕ ਅਤੇ ਏਆਈ ਕੈਮਰਿਆਂ ਨਾਲ ਲੈਸ ਹੋਣਗੇ ਪ੍ਰੀਖਿਆ ਕੇਂਦਰ



ਨਵੀਂ ਦਿੱਲੀ, 7 ਜੂਨ (ਪ੍ਰਤੀਨਿਧੀ) : ਨੂੰ ਹੋਣ ਜਾ ਰਹੀ ਨੀਟ-ਯੂਜੀ ਦੀ ਮੁੜ-ਪ੍ਰੀਖਿਆ ਨੂੰ ਨਿਰਪੱਖ ਅਤੇ ਲੀਕ-ਮੁਕਤ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਕੌਮੀ ਟੈਸਟਿੰਗ ਏਜੰਸੀ (ਐਨ.ਟੀ.ਏ.) ਨੇ ਹੁਣ ਤੱਕ ਦੇ ਸਭ ਤੋਂ ਸਖ਼ਤ ਅਤੇ ਬੇਮਿਸਾਲ ਸੁਰੱਖਿਆ ਪ੍ਰਬੰਧਾਂ ਦਾ ਐਲਾਨ ਕੀਤਾ ਹੈ। ਪਿਛਲੀ ਪ੍ਰੀਖਿਆ ਦੌਰਾਨ ਪੇਪਰ ਲੀਕ ਹੋਣ ਦੇ ਕਥਿਤ ਦੋਸ਼ਾਂ ਤੋਂ ਬਾਅਦ ਰੱਦ ਹੋਈ ਪ੍ਰੀਖਿਆ ਦੇ ਮੱਦੇਨਜ਼ਰ, ਪ੍ਰਸ਼ਾਸਨ ਨੇ ਮੈਡੀਕਲ ਪ੍ਰਵੇਸ਼ ਪ੍ਰੀਖਿਆ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਡਾ ਸੁਰੱਖਿਆ ਫੇਰਬਦਲ ਕੀਤਾ ਹੈ।

ਇਸ ਵਾਰ ਸਭ ਤੋਂ ਵੱਡਾ ਅਤੇ ਅਹਿਮ ਕਦਮ ਪ੍ਰਸ਼ਨ ਪੱਤਰਾਂ ਦੀ ਸੁਰੱਖਿਅਤ ਢੋਆ-ਢੁਆਈ ਲਈ ਭਾਰਤੀ ਹਵਾਈ ਸੈਨਾ ਦੀਆਂ ਸੇਵਾਵਾਂ ਲੈਣਾ ਹੈ। ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਵੱਲੋਂ ਕੀਤੇ ਗਏ ਇਸ ਐਲਾਨ ਅਨੁਸਾਰ, ਦੇਸ਼ ਭਰ ਵਿੱਚ ਪ੍ਰੀਖਿਆ ਸਮੱਗਰੀ ਨੂੰ ਸੁਰੱਖਿਅਤ ਅਤੇ ਸਮੇਂ ਸਿਰ ਪਹੁੰਚਾਉਣ ਲਈ ਹਵਾਈ ਸੈਨਾ ਦੇ ਜਹਾਜ਼ਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਨਾਲ ਨਾ ਸਿਰਫ਼ ਲੌਜਿਸਟਿਕਸ ਮਜ਼ਬੂਤ ਹੋਣਗੇ, ਬਲਕਿ ਦੂਰ-ਦੁਰਾਡੇ ਦੇ ਇਲਾਕਿਆਂ ਅਤੇ ਖ਼ਰਾਬ ਮੌਸਮ ਵਾਲੇ ਖੇਤਰਾਂ ਵਿੱਚ ਪੇਪਰ ਪਹੁੰਚਾਉਣ ਦੌਰਾਨ ਹੋਣ ਵਾਲੇ ਜੋਖਮ ਵੀ ਘੱਟ ਹੋਣਗੇ।


ਪ੍ਰੀਖਿਆ ਦੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਬਣਾਉਣ ਲਈ, ਪ੍ਰਸ਼ਨ ਪੱਤਰਾਂ ਦੇ ਸਾਰੇ ਪੈਕੇਟਾਂ ਨੂੰ ਪ੍ਰਿੰਟਿੰਗ ਪ੍ਰੈਸ ਤੋਂ ਲੈ ਕੇ ਸਟੋਰੇਜ ਅਤੇ ਪ੍ਰੀਖਿਆ ਕੇਂਦਰਾਂ ਤੱਕ ਜੀਪੀਐਸ ਪ੍ਰਣਾਲੀ ਨਾਲ ਲੈਸ ਕੀਤਾ ਜਾਵੇਗਾ। ਅਧਿਕਾਰੀ ਰੀਅਲ-ਟਾਈਮ ਵਿੱਚ ਇਨ੍ਹਾਂ ਦੀ ਹਰ ਹਰਕਤ 'ਤੇ ਨਜ਼ਰ ਰੱਖਣਗੇ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਅਧਿਕਾਰਤ ਪਹੁੰਚ ਜਾਂ ਛੇੜਛਾੜ ਨੂੰ ਰੋਕਿਆ ਜਾ ਸਕੇ। ਇਸ ਦੇ ਨਾਲ ਹੀ, ਪ੍ਰੀਖਿਆ ਕੇਂਦਰਾਂ 'ਤੇ ਫਰਜ਼ੀ ਉਮੀਦਵਾਰਾਂ (ਇਮਪਰਸੋਨੇਸ਼ਨ) ਨੂੰ ਰੋਕਣ ਲਈ ਸਾਰੇ ਵਿਦਿਆਰਥੀਆਂ ਦੀ ਬਾਇਓਮੀਟ੍ਰਿਕ ਵੈਰੀਫਿਕੇਸ਼ਨ ਕੀਤੀ ਜਾਵੇਗੀ। ਪ੍ਰੀਖਿਆ ਕੇਂਦਰਾਂ ਦੇ ਅੰਦਰੂਨੀ ਹਾਲਾਤ 'ਤੇ ਨਜ਼ਰ ਰੱਖਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਅਧਾਰਤ ਸੀਸੀਟੀਵੀ ਕੈਮਰੇ ਲਗਾਏ ਜਾ ਰਹੇ ਹਨ, ਜੋ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਤੁਰੰਤ ਪਛਾਣ ਕਰਨਗੇ। ਐਨਟੀਏ ਨੇ ਪ੍ਰਸ਼ਨ ਪੱਤਰਾਂ ਦੀ ਸੁਰੱਖਿਆ ਨੂੰ ਹੋਰ ਪੁਖ਼ਤਾ ਕਰਨ ਲਈ ਡਿਜੀਟਲ ਐਨਕ੍ਰਿਪਸ਼ਨ ਪ੍ਰਕਿਰਿਆਵਾਂ ਲਾਗੂ ਕੀਤੀਆਂ ਹਨ ਅਤੇ ਪ੍ਰਿੰਟਿੰਗ ਤੇ ਸਟੋਰੇਜ ਵਾਲੀਆਂ ਥਾਵਾਂ 'ਤੇ ਆਮ ਲੋਕਾਂ ਦੀ ਪਹੁੰਚ ਬਿਲਕੁਲ ਬੰਦ ਕਰ ਦਿੱਤੀ ਹੈ।

ਪ੍ਰੀਖਿਆ ਕੇਂਦਰਾਂ 'ਤੇ ਇਲੈਕਟ੍ਰਾਨਿਕ ਯੰਤਰਾਂ ਦੀ ਵਰਤੋਂ ਨੂੰ ਰੋਕਣ ਲਈ ਮੋਬਾਈਲ ਸਿਗਨਲ ਜੈਮਰ ਅਤੇ ਸਖ਼ਤ ਤਲਾਸ਼ੀ (ਫ੍ਰਿਸਕਿੰਗ) ਦੇ ਪ੍ਰਬੰਧ ਕੀਤੇ ਗਏ ਹਨ। ਸਥਾਨਕ ਪ੍ਰਸ਼ਾਸਨ ਵੱਲੋਂ ਅਫ਼ਵਾਹਾਂ ਫੈਲਾਉਣ ਵਾਲਿਆਂ ਨੂੰ ਸਖ਼ਤ ਚਿਤਾਵਨੀਸੁਰੱਖਿਆ ਦੇ ਇਹ ਘੇਰੇ ਸਿਰਫ਼ ਪ੍ਰੀਖਿਆ ਕੇਂਦਰਾਂ ਤੱਕ ਹੀ ਸੀਮਤ ਨਹੀਂ ਹਨ। ਦੇਸ਼ ਭਰ ਦੀ ਪੁਲਿਸ, ਜ਼ਿਲ੍ਹਾ ਪ੍ਰਸ਼ਾਸਨ ਅਤੇ ਸਥਾਨਕ ਅਧਿਕਾਰੀਆਂ ਨੂੰ ਐਨਟੀਏ ਨਾਲ ਤਾਲਮੇਲ ਬਣਾ ਕੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਪੇਪਰਾਂ ਦੀ ਸਟੋਰੇਜ ਵਾਲੀਆਂ ਥਾਵਾਂ 'ਤੇ ਵਾਧੂ ਪੁਲਿਸ ਬਲ ਤਾਇਨਾਤ ਕੀਤੇ ਜਾਣਗੇ ਅਤੇ ਸਪਲਾਈ ਰੂਟਾਂ ਦੀ ਅਚਨਚੇਤ ਜਾਂਚ (ਰੈਂਡਮਾਈਜ਼ੇਸ਼ਨ ਪ੍ਰੋਟੋਕੋਲ) ਕੀਤੀ ਜਾਵੇਗੀ।

ਦੂਜੇ ਪਾਸੇ, ਐਨਟੀਏ ਨੇ ਸੋਸ਼ਲ ਮੀਡੀਆ 'ਤੇ ਪੇਪਰ ਲੀਕ ਜਾਂ ਐਡਵਾਂਸ ਪੇਪਰ ਵਿਕਣ ਦੀਆਂ ਚੱਲ ਰਹੀਆਂ ਅਫ਼ਵਾਹਾਂ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਏਜੰਸੀ ਨੇ ਸਪੱਸ਼ਟ ਕੀਤਾ ਹੈ ਕਿ ਅਜਿਹੇ ਸਾਰੇ ਦਾਅਵੇ ਝੂਠੇ, ਫਰਜ਼ੀ ਅਤੇ ਗੁੰਮਰਾਹਕੁੰਨ ਹਨ। ਅਜਿਹੀਆਂ ਅਫ਼ਵਾਹਾਂ ਫੈਲਾਉਣ ਵਾਲੇ ਸ਼ਰਾਰਤੀ ਅੰਸ਼ਾਂ ਖ਼ਿਲਾਫ਼ ਸਾਈਬਰ ਕਰਾਈਮ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕੋਲ ਰਸਮੀ ਸ਼ਿਕਾਇਤਾਂ ਦਰਜ ਕਰਵਾਈਆਂ ਜਾ ਰਹੀਆਂ ਹਨ।ਅਧਿਕਾਰੀਆਂ ਨੂੰ ਉਮੀਦ ਹੈ ਕਿ ਬਾਇਓਮੀਟ੍ਰਿਕ ਚੈੱਕ, ਏਆਈ ਨਿਗਰਾਨੀ, ਜੀਪੀਐਸ ਟ੍ਰੈਕਿੰਗ, ਜੈਮਰ ਅਤੇ ਹਵਾਈ ਸੈਨਾ ਦੀ ਮਦਦ ਨਾਲ ਤਿਆਰ ਕੀਤਾ ਗਿਆ ਇਹ ਮਜ਼ਬੂਤ ਸੁਰੱਖਿਆ ਚੱਕਰ ਲੱਖਾਂ ਮੈਡੀਕਲ ਵਿਦਿਆਰਥੀਆਂ ਦਾ ਭਰੋਸਾ ਬਹਾਲ ਕਰੇਗਾ ਅਤੇ ਪ੍ਰੀਖਿਆ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਏਗਾ।

*ਮਲਿਆਲਮ ਅਦਾਕਾਰ*

## ਸਲੀਮ ਕੁਮਾਰ ਦਾ 56 ਸਾਲ ਦੀ ਉਮਰ 'ਚ ਦੇਹਾਂਤ



ਨਵੀਂ ਦਿੱਲੀ, 7 ਜੂਨ (ਪ੍ਰਤੀਨਿਧੀ) : ਨੈਸ਼ਨਲ ਫ਼ਿਲਮ ਐਵਾਰਡ ਜੇਤੂ ਮਲਿਆਲਮ ਅਦਾਕਾਰ ਸਲੀਮ ਕੁਮਾਰ ਦਾ ਕੋਚੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਿਲ ਦਾ ਦੌਰਾ ਪੈਣ (ਕਾਰਡੀਅਕ ਅਰੈਸਟ) ਕਾਰਨ ਦੇਹਾਂਤ ਹੋ ਗਿਆ ਹੈ। ਉਹ 56 ਸਾਲਾਂ ਦੇ ਸਨ। ਸ਼ਨਿੱਚਰਵਾਰ ਨੂੰ ਤਬੀਅਤ ਜ਼ਿਆਦਾ ਵਿਗੜਨ ਤੋਂ ਬਾਅਦ ਇਸ ਦਿੱਗਜ ਅਦਾਕਾਰ ਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ ਸੀ। ਉਨ੍ਹਾਂ ਦੇ ਅਚਾਨਕ ਚਲੇ ਜਾਣ ਨਾਲ ਮਲਿਆਲਮ ਫ਼ਿਲਮ ਇੰਡਸਟਰੀ ਅਤੇ ਦੁਨੀਆ ਭਰ ਦੇ ਪ੍ਰਸ਼ੰਸਕਾਂ ਵਿੱਚ ਸੋਗ ਦੀ ਲਹਿਰ ਹੈ।

## ਸੰਪਾਦਕੀ

# ਕਦੋਂ ਤੱਕ ਨੌਜਵਾਨਾਂ ਦੇ ਸੁਪਨਿਆਂ ਨਾਲ ਖੇਡੇਗਾ ਸਿਸਟਮ ?

ਦਿੱਲੀ ਦੇ ਜੰਤਰ-ਮੰਤਰ 'ਤੇ ਇੱਕ ਵਾਰ ਫਿਰ ਦੇਸ਼ ਦੇ ਨੌਜਵਾਨਾਂ, ਵਿਦਿਆਰਥੀਆਂ ਅਤੇ ਚਿੰਤਤ ਮਾਪਿਆਂ ਦਾ ਇਕੱਠ ਇਸ ਗੱਲ ਦੀ ਗਵਾਹੀ ਭਰ ਰਿਹਾ ਹੈ ਕਿ ਹੁਣ ਹਾਕਮਾਂ ਦੀਆਂ ਨੀਤੀਆਂ ਅਤੇ ਸਿਸਟਮ ਦੇ ਖੋਖਲੇਪਣ ਖ਼ਿਲਾਫ਼ ਦੇਸ਼ ਦੀ ਜਵਾਨੀ ਦਾ ਸਬਰ ਹੱਦਾਂ-ਬੰਨ੍ਹੇ ਤੋੜ ਚੁੱਕਾ ਹੈ। ਪ੍ਰੀਖਿਆਵਾਂ ਵਿੱਚ ਲਗਾਤਾਰ ਹੋ ਰਹੀਆਂ ਕਥਿਤ ਬੇਨਿਯਮੀਆਂ, ਯੋਜਨਾਬੱਧ ਤਰੀਕੇ ਨਾਲ ਹੁੰਦੇ ਪੇਪਰ ਲੀਕ ਅਤੇ ਭਰਤੀ ਪ੍ਰਕਿਰਿਆਵਾਂ ਵਿੱਚ ਮਹੀਨਿਆਂ-ਸਾਲਾਂ ਦੀ ਦੇਰੀ ਦੇ ਖ਼ਿਲਾਫ਼ 'ਕਾਕਰੋਚ ਜਨਤਾ ਪਾਰਟੀ' (CJP) ਦੇ ਬੈਨਰ ਹੇਠ ਹੋਇਆ ਇਹ ਵਿਸ਼ਾਲ ਪ੍ਰਦਰਸ਼ਨ ਕੋਈ ਆਮ ਸਿਆਸੀ ਰੈਲੀ ਨਹੀਂ ਹੈ। ਇਹ ਦੇਸ਼ ਦੀ ਸੜ ਚੁੱਕੀ ਸਿੱਖਿਆ ਅਤੇ ਪ੍ਰੀਖਿਆ ਪ੍ਰਣਾਲੀ ਦੇ ਮੂੰਹ 'ਤੇ ਇੱਕ ਜ਼ੋਰਦਾਰ ਚਪੇੜ ਹੈ। ਅਭਿਜੀਤ ਦਿਪਕੇ ਅਤੇ ਮਸ਼ਹੂਰ ਵਾਤਾਵਰਣ ਪ੍ਰੇਮੀ ਸੋਨਮ ਵਾਂਗਚੁਕ ਦੀ ਅਗਵਾਈ ਵਿੱਚ ਉੱਤਰੇ ਇਸ ਰੋਸ-ਮਾਰਚ ਨੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫੇ ਦੀ ਸਿੱਧੀ ਮੰਗ ਕਰਕੇ ਕੇਂਦਰ ਸਰਕਾਰ ਨੂੰ ਨੈਤਿਕਤਾ ਦੇ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਅੱਜ ਦਾ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਦੇਸ਼ ਦਾ ਨੌਜਵਾਨ ਆਖਰ ਕਦੋਂ ਤੱਕ ਸਿਸਟਮ ਦੀਆਂ ਨਾਕਾਮੀਆਂ ਦੀ ਬਲੀ ਚੜ੍ਹਦਾ ਰਹੇਗਾ? ਇੱਕ ਆਮ ਪਰਿਵਾਰ ਦਾ ਬੱਚਾ ਦਿਨ-ਰਾਤ ਇੱਕ ਕਰਕੇ, ਪੇਟ ਕੱਟ ਕੇ, ਮਹਿੰਗੀਆਂ ਕੋਚਿੰਗਾਂ ਦੀ ਫੀਸ ਭਰ ਕੇ NEET, CUET, CBSE ਅਤੇ SSC ਵਰਗੀਆਂ ਵੱਡੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰਦਾ ਹੈ। ਪਰ ਜਦੋਂ ਪ੍ਰੀਖਿਆ ਦੇ ਹਾਲ ਵਿੱਚੋਂ ਬਾਹਰ ਆਉਂਦਿਆਂ ਹੀ ਜਾਂ ਨਤੀਜਿਆਂ ਵੇਲੇ ਪੇਪਰ ਲੀਕ ਅਤੇ ਤਕਨੀਕੀ ਘੁਟਾਲਿਆਂ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਹਨ, ਤਾਂ ਸਿਰਫ਼ ਇੱਕ ਪੇਪਰ ਲੀਕ ਨਹੀਂ ਹੁੰਦਾ, ਬਲਕਿ ਲੱਖਾਂ ਹੋਣਹਾਰ ਨੌਜਵਾਨਾਂ ਦੇ ਸੁਪਨੇ, ਉਨ੍ਹਾਂ ਦੇ ਮਾਪਿਆਂ ਦੀ ਉਮੀਦ ਅਤੇ ਦੇਸ਼ ਦਾ ਭਵਿੱਖ ਲੀਕ ਹੋ ਜਾਂਦਾ ਹੈ।

ਮੈਂ ਹੂੰ ਕਾਕਰੋਚ (ਮੈਂ ਹਾਂ ਕਾਕਰੋਚ) ਵਰਗੇ ਅਨੋਖੇ ਨਾਅਰੇ ਅਤੇ ਕਾਕਰੋਚ ਦੇ ਮਾਸਕ ਪਹਿਨ ਕੇ ਕੀਤਾ ਗਿਆ ਇਹ ਪ੍ਰਦਰਸ਼ਨ ਸੱਤਾ ਦੇ ਗਲਿਆਰਿਆਂ ਨੂੰ ਇੱਕ ਬਹੁਤ ਹੀ ਡੂੰਘਾ ਅਤੇ ਤਿੱਖਾ ਸੁਨੇਹਾ ਦੇ ਰਿਹਾ ਹੈ। ਕਾਕਰੋਚ ਉਸ ਜੀਵ ਦਾ ਪ੍ਰਤੀਕ ਹੈ ਜੋ ਸਭ ਤੋਂ ਗੰਦੀਆਂ ਥਾਵਾਂ 'ਤੇ ਵੀ ਜ਼ਿੰਦਾ ਰਹਿ ਸਕਦਾ ਹੈ। ਨੌਜਵਾਨ ਇਹ ਦਰਸਾ ਰਹੇ ਹਨ ਕਿ ਸਿਸਟਮ ਨੇ ਉਨ੍ਹਾਂ ਨੂੰ ਕੀੜੇ-ਮਕੌੜੇ ਸਮਝ ਲਿਆ ਹੈ, ਪਰ ਹੁਣ ਉਹ ਇਸ ਭ੍ਰਿਸ਼ਟਾਚਾਰ ਦੀ 'ਗੰਦਗੀ' ਨੂੰ ਸਾਫ਼ ਕਰਨ ਲਈ ਖੁਦ ਸੜਕਾਂ 'ਤੇ ਉੱਤਰ ਆਏ ਹਨ। ਸੰਗਠਨ ਵੱਲੋਂ ਸਰਕਾਰ ਨੂੰ ਦਿੱਤਾ ਗਿਆ ਇੱਕ ਹਫ਼ਤੇ ਦਾ ਅਲਟੀਮੇਟਮ ਅਤੇ ਦੇਸ਼ ਵਿਆਪੀ ਅੰਦੋਲਨ (ਪੈਨ-ਇੰਡੀਆ ਐਜੀਟੇਸ਼ਨ) ਦੀ ਚੇਤਾਵਨੀ ਇਹ ਸਾਫ਼ ਕਰਦੀ ਹੈ ਕਿ ਇਹ ਚੰਗਿਆੜੀ ਹੁਣ ਸਿਰਫ਼ ਦਿੱਲੀ ਤੱਕ ਮਹਿਦੂਦ ਨਹੀਂ ਰਹਿਣ ਵਾਲੀ। ਇਸ ਦੇ ਉਲਟ, ਜਿਸ ਤਰ੍ਹਾਂ ਕੇਂਦਰ ਸਰਕਾਰ ਨੇ ਇਸ ਵਿਰੋਧ ਪ੍ਰਦਰਸ਼ਨ ਦੀ ਹਵਾ ਕੱਢਣ ਲਈ ਉਸੇ ਦਿਨ ਇੱਕ ਸਮਾਨਾਂਤਰ 'ਯੂਥ ਈਵੈਂਟ' (ਨੌਜਵਾਨ ਸੰਮੇਲਨ) ਦਾ ਆਯੋਜਨ ਕੀਤਾ, ਉਹ ਬੇਹੱਦ ਮੰਦਭਾਗਾ ਹੈ। ਇਹ ਸਰਕਾਰ ਦੀ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਅਤੇ ਨੌਜਵਾਨਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਨੂੰ ਨੰਗਾ ਕਰਦਾ ਹੈ। ਪਰ ਸਰਕਾਰ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਤਮਾਸ਼ਿਆਂ ਨਾਲ ਰੁਜ਼ਗਾਰ ਅਤੇ ਇਨਸਾਫ਼ ਨਹੀਂ ਮਿਲਦਾ। ਅੱਜ ਨੌਜਵਾਨਾਂ ਦੀ ਨਾਰਾਜ਼ਗੀ ਸਿਰਫ਼ ਇੱਕ ਪੇਪਰ ਲੀਕ ਹੋਣ ਤੱਕ ਸੀਮਤ ਨਹੀਂ ਹੈ, ਬਲਕਿ ਇਹ ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ, ਪਾਰਦਰਸ਼ਤਾ ਦੀ ਕਮੀ ਅਤੇ ਸੱਤਾਧਾਰੀਆਂ ਦੀ ਬੇਰੁਖ਼ੀ ਖ਼ਿਲਾਫ਼ ਇੱਕ ਸਮੂਹਿਕ ਵਿਦਰੋਹ ਹੈ। ਜੇਕਰ ਦੇਸ਼ ਦੇ ਸਭ ਤੋਂ ਬੁੱਧੀਮਾਨ ਅਤੇ ਮਿਹਨਤੀ ਵਰਗ ਨੂੰ ਆਪਣੀ ਡਿਗਰੀਆਂ ਹੱਥਾਂ ਵਿੱਚ ਫੜ ਕੇ ਸੜਕਾਂ 'ਤੇ ਪੁਲਿਸ ਦੀਆਂ ਲਾਠੀਆਂ ਖਾਣੀਆਂ ਪੈਣਗੀਆਂ, ਤਾਂ 'ਵਿਕਸਿਤ ਭਾਰਤ' ਅਤੇ 'ਨਿਊ ਇੰਡੀਆ' ਦੇ ਸਾਰੇ ਦਾਅਵੇ ਸਿਰਫ਼ ਹਵਾਈ ਹਵਾਈ ਅਤੇ ਖੋਖਲੇ ਸਾਬਤ ਹੁੰਦੇ ਹਨ। ਹੁਣ ਸਮਾਂ ਟਾਲ-ਮਟੋਲ ਕਰਨ ਜਾਂ ਜਾਂਚ ਕਮੇਟੀਆਂ ਦੇ ਪਿੱਛੇ ਲੁਕਣ ਦਾ ਨਹੀਂ ਹੈ। ਸਰਕਾਰ ਨੂੰ ਤੁਰੰਤ ਆਪਣੀ ਜ਼ਿੰਮੇਵਾਰੀ ਕਬੂਲਣੀ ਪਵੇਗੀ। ਪ੍ਰੀਖਿਆ ਪ੍ਰਣਾਲੀ ਵਿੱਚ ਆਮੂਲ-ਚੂਲ ਸੁਧਾਰ (Reforms), ਸਖ਼ਤ ਕਾਨੂੰਨ ਅਤੇ ਤੁਰੰਤ ਜਵਾਬਦੇਹੀ ਤੈਅ ਕਰਨੀ ਪਵੇਗੀ, ਤਾਂ ਜੋ ਦੇਸ਼ ਦੇ ਨੌਜਵਾਨਾਂ ਦਾ ਟੁੱਟ ਚੁੱਕਾ ਭਰੋਸਾ ਬਹਾਲ ਹੋ ਸਕੇ। ਜੇਕਰ ਹੁਣ ਵੀ ਹਾਕਮਾਂ ਦੀ ਨੀਂਦ ਨਾ ਖੁੱਲ੍ਹੀ ਤਾਂ ਜੰਤਰ-ਮੰਤਰ ਤੋਂ ਉੱਠਿਆ ਇਹ ਤੂਫ਼ਾਨ ਪੂਰੇ ਮੁਲਕ ਦੀ ਸਿਆਸਤ ਦਾ ਤਖ਼ਤਾ ਪਲਟਣ ਦਾ ਦਮ ਰੱਖਦਾ ਹੈ।

**-ਜਗਜੀਤ ਸਿੰਘ ਦਰਦੀ**

## ਪੰਜਾਬ ਵਿੱਚ ਆਉਣ ਵਾਲੇ ਦਿਨਾਂ ਦੀ ਰਾਜਨੀਤਿਕ ਸ਼ਤਰੰਜ

# ਕਾਂਗਰਸ ਤੇ ਆਪ ਨੂੰ ਰੋਕਣ ਵਾਸਤੇ ਭਾਜਪਾ-ਅਕਾਲੀ ਦਲ ਫ਼ੇਰ ਇਕੱਠੇ ਹੋਣਗੇ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ. 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਇੱਕ ਵਾਰ ਫ਼ੇਰ ਵੋਟਾਂ ਦੀ ਸ਼ਤਰੰਜ ਵਿੱਚ ਦੋਰਾਹੇ 'ਤੇ ਖੜ੍ਹਾ ਹੈ ਪਰੰਤੂ ਹੁਣ ਲੱਗ ਰਿਹਾ ਹੈ ਕਿ ਆਪ ਤੇ ਕਾਂਗਰਸ ਨੂੰ ਰੋਕਣ ਵਾਸਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਇਕੱਠੇ ਆ ਸਕਦੇ ਹਨ। ਇਸ ਬਾਰੇ ਕਿਆਸ ਅਰਾਈਆਂ ਤੇ ਅੰਦਰਲਾ ਸੱਚ ਵੀ ਸਾਹਮਣੇ ਆਉਣ ਲੱਗਾ ਹੈ।

ਅੱਜ ਰਾਜਨੀਤੀ ਵਿੱਚ ਤਿੱਖੀਆਂ ਚਾਲਾਂ, ਗਠਜੋੜਾਂ ਦੀ ਖੇਡ ਅਤੇ ਵੋਟਾਂ ਦੀ ਬਦਲਦੀ ਗਿਣਤੀ ਪੰਜਾਬ ਦੀ ਰਾਜਨੀਤੀ ਇੱਕ ਗਹਿਰੀ ਸ਼ਤਰੰਜ ਬਣ ਚੁੱਕੀ ਹੈ, ਜਿੱਥੇ ਵੋਟਾਂ ਦੀਆਂ ਗੋਟੀਆਂ ਪਲ-ਪਲ ਬਦਲ ਰਹੀਆਂ ਹਨ ਅਤੇ ਧੜਿਆਂ ਦੀਆਂ ਚਾਲਾਂ ਇੱਕ ਦੂਜੇ ਨੂੰ ਠਿੱਬੀ ਲਾਉਣ ਲਈ ਤਿਆਰ ਹਨ। 2017 ਤੋਂ ਪਹਿਲਾਂ ਰਾਜਨੀਤੀ ਬਾਦਲ-ਭਾਜਪਾ ਗਠਜੋੜ ਅਤੇ ਕਾਂਗਰਸ ਵਿਚਕਾਰ ਸੀਮਤ ਸੀ, ਪਰ ਹੁਣ ਚਾਰ-ਧਿਰੀ ਲੜਾਈ ਵਿੱਚ ਖੇਡ ਬਦਲ ਗਈ ਹੈ। ਅੱਜ ਕੈਪਟਨ ਅਮਰਿੰਦਰ ਸਿੰਘ ਨੇ ਆਪਣੀਆਂ ਗੋਟੀਆਂ ਭਾਜਪਾ ਵਿੱਚ ਬਿਠਾ ਲਈਆਂ ਹਨ ਅਤੇ ਖੁੱਲ੍ਹ ਕੇ ਭਾਜਪਾ-ਅਕਾਲੀ ਗਠਜੋੜ ਦੀ ਵਕਾਲਤ ਕਰ ਰਹੇ ਹਨ। ਅੱਜ ਇਹ ਗਠਜੋੜ ਬਣਿਆ ਤਾਂ ਪੰਜਾਬ ਲਈ ਵੱਡਾ ਭੂਚਾਲ ਹੋਵੇਗਾ - ਕੇਂਦਰੀ ਫੰਡਾਂ ਅਤੇ ਏਜੰਸੀਆਂ ਦਾ ਪੂਰਾ ਸਹਿਯੋਗ ਮਿਲੇਗਾ, ਪਰ ਇਸ ਨਾਲ ਖੇਤੀ, ਧਰਮ ਅਤੇ ਲੋਕਾਂ ਦੀਆਂ ਭਾਵਨਾਵਾਂ ਵੀ ਭੜਕ ਸਕਦੀਆਂ ਹਨ। ਇਥੇ ਅਸੀਂ ਅੰਕੜਿਆਂ ਅਤੇ ਤੱਥਾਂ ਨਾਲ ਇਸ ਤਿੱਖੀ ਖੇਡ ਨੂੰ ਖੋਲ੍ਹ ਕੇ ਵੇਖ ਸਕਦੇ ਹਾਂ।

**2017 ਤੋਂ ਪਹਿਲਾਂ ਦੀ ਬਾਜ਼ੀ ਅਤੇ ਟੁੱਟਣ ਵਾਲੀਆਂ ਗਠਜੋੜਾਂ:** 1997 ਤੋਂ 2012 ਤੱਕ ਭਾਜਪਾ-ਅਕਾਲੀ ਗਠਜੋੜ ਨੇ ਪੰਜਾਬ ਉੱਤੇ ਰਾਜ ਕੀਤਾ। 2012 ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੇ ਲਗਭਗ 34-35% ਵੋਟ ਸ਼ੇਅਰ ਨਾਲ ਬਹੁਤ ਵੱਡੀ ਭੂਮਿਕਾ ਨਿਭਾਈ ਸੀ। ਪਰ ਭ੍ਰਿਸ਼ਟਾਚਾਰ, ਨਸ਼ਿਆਂ ਦੀ ਲਹਿਰ ਅਤੇ ਖੇਤੀ ਸੰਕਟ ਨੇ ਲੋਕਾਂ ਵਿੱਚ ਗੁੱਸਾ ਭਰ ਦਿੱਤਾ। 2017 ਵਿੱਚ ਇਹ ਗਠਜੋੜ ਬੁਰੀ ਤਰ੍ਹਾਂ ਟੁੱਟਿਆ। 2017 ਚੋਣਾਂ ਦੇ ਅੰਕੜੇ (ਵੋਟ ਸ਼ੇਅਰ): ਕਾਂਗਰਸ: 38.5% ਵੋਟਾਂ ਨਾਲ 77 ਸੀਟਾਂ

ਅਕਾਲੀ ਦਲ: 25.2% ਵੋਟਾਂ ਨਾਲ 15 ਸੀਟਾਂ ਆਪ 23.7% ਵੋਟਾਂ ਨਾਲ 20 ਸੀਟਾਂ ਅਤੇ ਭਾਜਪਾ 5.4% ਵੋਟਾਂ ਨਾਲ 3 ਸੀਟਾਂ 'ਤੇ ਸੀ।

ਉਦੋਂ ਕੈਪਟਨ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਨੇ ਕਾਂਗਰਸ ਨੂੰ ਵਾਪਸੀ ਦਿਵਾਈ, ਪਰ ਇਸ ਤੋਂ ਬਾਅਦ ਪਾਰਟੀ ਅੰਦਰ ਫ਼ੁੱਟ (ਸਿੱਧੂ ਵਰਸੇਜ਼ ਕੈਪਟਨ) ਨੇ ਇਸ ਨੂੰ ਕਮਜ਼ੋਰ ਕਰ ਦਿੱਤਾ। ਕੈਪਟਨ 2021 ਵਿੱਚ ਪਾਰਟੀ ਛੱਡ ਕੇ ਆਪਣੀ ਪਾਰਟੀ ਬਣਾਉਣ ਤੋਂ ਬਾਅਦ ਭਾਜਪਾ ਵਿੱਚ ਸ਼ਾਮਲ ਹੋ ਗਏ ਅਤੇ ਹੁਣ ਉਹ ਭਾਜਪਾ ਲਈ ਗਠਜੋੜ ਦਾ ਸਭ ਤੋਂ ਵੱਡਾ ਤਰਕ ਹਨ। ਅੱਜ 2022 ਦੀ ਤਬਾਹੀ ਅਤੇ ਆਪ ਦੀ ਲਹਿਰ2022 ਵਿੱਚ ਆਪ ਨੇ ਇਤਿਹਾਸ ਬਦਲਾਅ ਲਿਆਂਦਾ। 2022 ਚੋਣਾਂ ਦੇ ਅੰਕੜੇ (ਵੋਟ ਸ਼ੇਅਰ) ਆਪ 42.01% ਵੋਟਾਂ ਨਾਲ 92 ਸੀਟਾਂ (ਵੱਡੀ ਲਹਿਰ) ਸੀ। ਕਾਂਗਰਸ 22.98% ਵੋਟਾਂ ਨਾਲ 18 ਸੀਟਾਂ (ਭਾਰੀ ਘਾਟਾ) ਤੇ ਅਕਾਲੀ ਦਲ 18.38% ਵੋਟਾਂ ਨਾਲ 3 ਸੀਟਾਂ (ਪਤਨ) ਭਾਜਪਾ 6.65% ਵੋਟਾਂ ਨਾਲ 2 ਸੀਟਾਂ

ਆਪ ਨੇ ਯੁਵਕਾਂ, ਔਰਤਾਂ ਅਤੇ ਨਸ਼ਾ ਵਿਰੋਧੀ ਲਹਿਰ ਉੱਤੇ ਜਿੱਤ ਹਾਸਲ ਕੀਤੀ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਬੇਰੁਜ਼ਗਾਰੀ, ਖੇਤੀ ਸੰਕਟ ਅਤੇ ਅੰਦਰੂਨੀ ਫੁੱਟ ਨੇ ਇਸ ਨੂੰ ਵੀ ਘੇਰ ਲਿਆ ਹੈ। ਅਕਾਲੀ ਦਲ ਤਾਂ ਲਗਭਗ ਖਤਮ ਹੋਣ ਵਾਲਾ ਹੋ ਗਿਆ ਸੀ। ਇਸ ਦਾ ਵੋਟ ਸ਼ੇਅਰ 25.2% ਤੋਂ ਘੱਟ ਕੇ 18.38% ਰਹਿ ਗਿਆ ਅਤੇ ਸੀਟਾਂ 15 ਤੋਂ ਘੱਟ ਕੇ 3 ਰਹਿ ਗਈਆਂ। ਭਾਜਪਾ ਅਰਬਨ ਖੇਤਰ ਵਿੱਚ ਸੀਮਤ ਰਹੀ।

ਅੱਜ ਮੌਜੂਦਾ ਤਿੱਖਾ ਸਮੀਕਰਨ ਅਤੇ ਕੈਪਟਨ ਦੀ ਚਾਲ 2026 ਵਿੱਚ ਖੜ੍ਹੇ ਹੋ ਕੇ ਵੇਖੀਏ ਤਾਂ ਕੈਪਟਨ ਅਮਰਿੰਦਰ ਸਿੰਘ ਭਾਜਪਾ ਵਿੱਚ ਸਰਗਰਮ ਹਨ ਅਤੇ ਖੁੱਲ੍ਹ ਕੇ ਆਖ ਰਹੇ ਹਨ ਕਿ ਭਾਜਪਾ ਇੱਕਲੀ ਨਹੀਂ ਜਿੱਤ ਸਕਦੀ, ਅਕਾਲੀਆਂ ਨਾਲ ਗਠਜੋੜ ਲਾਜ਼ਮੀ ਹੈ। ਅੱਜ ਉਨ੍ਹਾਂ ਅਨੁਸਾਰ ਭਾਜਪਾ ਨੂੰ ਗ੍ਰਾਮੀਣ ਖੇਤਰ ਵਿੱਚ ਜੜ੍ਹਾਂ ਫੈਲਾਉਣ ਲਈ 2-3 ਚੋਣਾਂ ਲੱਗਣਗੀਆਂ, ਇਸ ਲਈ ਗਠਜੋੜ ਹੀ ਇੱਕੋ ਰਾਹ ਹੈ।

ਅੱਜ ਇਹ ਗੱਲ ਭਾਜਪਾ ਲਈ ਤਿੱਖੀ ਚੁਣੌਤੀ ਵੀ ਹੈ ਕਿਉਂਕਿ ਖੇਤੀ ਕਾਨੂੰਨਾਂ ਵਾਲਾ ਜ਼ਖ਼ਮ ਅਜੇ ਤਾਜ਼ਾ ਹੈ। ਜੇ ਭਾਜਪਾ-ਅਕਾਲੀ ਗਠਜੋੜ ਬਣਿਆ ਤਾਂ ਇਸ ਨੂੰ ਕੇਂਦਰੀ ਸਰਕਾਰ ਦਾ ਪੂਰਾ ਸਹਿਯੋਗ ਮਿਲੇਗਾ। ਫੰਡ, ਯੋਜਨਾਵਾਂ ਅਤੇ ਏਜੰਸੀਆਂ ਦਾ ਵੀ। ਇਹ ਆਪ ਅਤੇ ਕਾਂਗਰਸ ਲਈ ਵੱਡਾ ਝਟਕਾ ਹੋਵੇਗਾ। ਪਰ ਅਕਾਲੀ ਦਲ ਵਿੱਚ ਫੁੱਟ (ਬਾਦਲ ਵਰਸੇਜ਼ ਹੋਰ ਧੜੇ) ਅਤੇ ਭਾਜਪਾ ਵਿੱਚ ਅੰਦਰੂਨੀ ਅਸੰਤੋਸ਼ ਇਸ ਗਠਜੋੜ ਨੂੰ ਰੋਕ ਵੀ ਸਕਦਾ ਹੈ।

ਅੱਜ ਵਰਤਮਾਨ ਸਰਵੇਖਣਾਂ ਅਤੇ ਅੰਕੜੇ (2026-27): ਕੁਝ ਸਰਵੇਖਣਾਂ ਵਿੱਚ ਕਾਂਗਰਸ 30% ਵੋਟ ਸ਼ੇਅਰ ਨਾਲ ਅੱਗੇ ਹੈ, ਆਪ 25%, ਅਕਾਲੀ 18%, ਭਾਜਪਾ 14%। ਸੀਟਾਂ ਦਾ ਤਿਣੀ ਵਿੱਚ ਕਾਂਗਰਸ 50+ ਸੀਟਾਂ ਤੱਕ ਪਹੁੰਚ ਸਕਦੀ ਹੈ, ਪਰ ਗਠਜੋੜ ਬਣਿਆ ਤਾਂ ਤੀਜੀ ਤਾਕਤ ਉਭਰ ਸਕਦੀ ਹੈ ਅਤੇ ਆਉਣ ਵਾਲੀਆਂ ਚੋਣਾਂ (2027) ਵਿੱਚ ਤਿੱਖੀਆਂ ਚਾਲਾਂ ਅਤੇ ਸੰਭਾਵਨਾਵਾਂ: 2027 ਵਿਧਾਨ ਸਭਾ ਚੋਣਾਂ ਵਿੱਚ ਚਾਰ ਧਿਰਾਂ ਵਿਚਾਲੇ ਲੜਾਈ ਤਿੱਖੀ ਹੋਵੇਗੀ।

ਅੱਜ ਭਾਜਪਾ-ਅਕਾਲੀ ਗਠਜੋੜ (ਕੈਪਟਨ ਫੈਕਟਰ) ਅਰਬਨ ਖੇਤਰ ਭਾਜਪਾ, ਗ੍ਰਾਮੀਣ ਅਕਾਲੀ। ਕੈਪਟਨ ਦਾ ਤਜਰਬੇਕਾਰ ਆਗੂ ਇਸ ਨੂੰ ਮਜ਼ਬੂਤੀ ਦੇ ਸਕਦੇ ਹਨ। ਇਸ ਨਾਲ ਵਿਕਾਸ ਯੋਜਨਾਵਾਂ ਤੇਜ਼ ਹੋਣਗੀਆਂ, ਪਰ ਕਿਸਾਨਾਂ ਅਤੇ ਸਿੱਖ ਭਾਵਨਾਵਾਂ ਨੂੰ ਨੁਕਸਾਨ ਵੀ ਹੋ ਸਕਦਾ ਹੈ। ਅੱਜ ਕਾਂਗਰਸ ਦੀ ਵਾਪਸੀ ਜੇ ਅੰਦਰੂਨੀ ਏਕਤਾ ਬਣੀ ਤਾਂ 38.5% ਵਾਲੀ ਪੁਰਾਣੀ ਤਾਕਤ ਵਾਪਸ ਆ ਸਕਦੀ ਹੈ। ਲੋਕਾਂ ਵਿੱਚ ਆਪ ਵਿਰੋਧੀ ਲਹਿਰ ਇਸ ਨੂੰ ਲਾਭ ਦੇ ਸਕਦੀ ਹੈ। ਅੱਜ ਆਪ ਦਾ ਬਚਾਅ 42% ਵੋਟ ਸ਼ੇਅਰ ਬਰਕਰਾਰ ਰੱਖਣਾ ਔਖਾ ਹੈ। ਵਾਅਦਿਆਂ ਦੀ ਪੂਰਤੀ ਅਤੇ ਭ੍ਰਿਸ਼ਟਾਚਾਰ ਤੋਂ ਬਚਾਅ ਇਸ ਦੀ ਸਭ ਤੋਂ ਵੱਡੀ ਚੁਣੌਤੀ ਹੈ ਅਤੇ ਛੋਟੀਆਂ ਤਾਕਤਾਂ ਅਤੇ ਯੁਵਕ ਵੋਟ ਯੁਵਕ ਅਤੇ ਔਰਤ ਵੋਟਰ ਫੈਸਲਾ ਕਰਨਗੇ। ਸੋਸ਼ਲ ਮੀਡੀਆ ਇਸ ਵਾਰ ਵੀ ਵੱਡੀ ਭੂਮਿਕਾ ਨਿਭਾਵੇਗਾ।

ਅੱਜ ਇਸ ਗਠਜੋੜ ਦਾ ਪੰਜਾਬ ਲਈ ਵੱਡਾ ਅਸਰ ਹੋਵੇਗਾ। ਇੱਕ ਪਾਸੇ ਕੇਂਦਰ-ਰਾਜ ਤਾਲਮੇਲ ਨਾਲ ਉਦਯੋਗ, ਰੋਡ ਅਤੇ ਇਨਫਰਾਸਟਰਕਚਰ ਵਧੇਗਾ, ਦੂਜੇ ਪਾਸੇ ਰਾਜੀਆਂ ਅਤੇ ਖੇਤੀ ਲਾਭਾਰਥੀਆਂ ਵਿੱਚ ਨਾਰਾਜ਼ਗੀ ਵਧ ਸਕਦੀ ਹੈ। ਪਿਛਲੀਆਂ ਚੋਣਾਂ ਵਿੱਚ ਵੋਟ ਸ਼ੇਅਰ ਵਿੱਚ 15-20% ਦੀ ਤਬਦੀਲੀ ਨੇ ਸਭ ਕੁਝ ਬਦਲ ਦਿੱਤਾ ਸੀ - 2027 ਵਿੱਚ ਵੀ ਇਸ ਤੋਂ ਘੱਟ ਤਬਦੀਲੀ ਨਹੀਂ ਹੋਵੇਗੀ।

ਇਸ ਭਵਿੱਖ ਦੀ ਰਨਨੀਤੀ ਵਿੱਚ ਕੌਣ ਜਿੱਤੇਗਾ ਇਹ ਖੇਡ ?

ਅੱਜ ਪੰਜਾਬੀ ਲੋਕ ਵਿਕਾਸ, ਰੁਜ਼ਗਾਰ, ਨਸ਼ਾ ਮੁਕਤੀ ਅਤੇ ਖੇਤੀ ਸੁਧਾਰ ਚਾਹੁੰਦੇ ਹਨ। ਜਿਹੜੀ ਧਿਰ ਇਨ੍ਹਾਂ ਮੁੱਦਿਆਂ 'ਤੇ ਠੋਸ ਰਣਨੀਤੀ ਲੈ ਕੇ ਆਵੇਗੀ, ਉਹੀ ਜਿੱਤੇਗੀ। ਭਾਜਪਾ ਨੂੰ ਪੰਜਾਬੀਆਂ (ਖਾਸ ਕਰ ਸਿੱਖ ਭਾਈਚਾਰੇ) ਦੀਆਂ ਭਾਵਨਾਵਾਂ ਨੂੰ ਗੰਭੀਰਤਾ ਨਾਲ ਲੈਣਾ ਪਵੇਗਾ। ਅਕਾਲੀਆਂ ਨੂੰ ਆਪਣੀ ਇਮੇਜ਼ ਮੁੜ ਬਣਾਉਣੀ ਪਵੇਗੀ। ਆਪ ਅਤੇ ਕਾਂਗਰਸ ਨੂੰ ਆਪਣੀਆਂ ਅੰਦਰੂਨੀ ਫੁੱਟਾਂ ਖਤਮ ਕਰਨੀਆਂ ਪੈਣਗੀਆਂ। ਅੱਜ ਇਹ ਸ਼ਤਰੰਜ ਪੰਜਾਬ ਲਈ ਇੱਕ ਵੱਡਾ ਮੋੜ ਸਾਬਤ ਹੋ ਸਕਦੀ ਹੈ। ਜੇ ਭਾਜਪਾ-ਅਕਾਲੀ ਗਠਜੋੜ ਸਫਲ ਹੋਇਆ ਤਾਂ ਰਾਜ ਵਿੱਚ ਸਥਿਰਤਾ ਅਤੇ ਵਿਕਾਸ ਆ ਸਕਦਾ ਹੈ, ਪਰ ਇਸ ਦੀ ਕੀਮਤ ਰਾਜਨੀਤਿਕ ਸੰਤੁਲਨ ਖਰਾਬ ਹੋਣ ਵਜੋਂ ਵੀ ਹੋ ਸਕਦੀ ਹੈ। ਲੋਕ ਇਸ ਵਾਰ ਵੀ ਬਦਲਾਅ ਚਾਹੁੰਦੇ ਹਨ - ਇੱਕ ਅਜਿਹਾ ਬਦਲਾਅ ਜੋ ਵਾਅਦਿਆਂ ਤੋਂ ਅੱਗੇ ਜਾ ਕੇ ਨਤੀਜੇ ਦੇਵੇ।

ਅੱਜ ਪੰਜਾਬ ਦਾ ਭਵਿੱਖ ਇਸ ਤਿੱਖੀ ਖੇਡ 'ਤੇ ਨਿਰਭਰ ਕਰਦਾ ਹੈ। ਰਾਜਨੀਤਿਕ ਧਿਰਾਂ ਨੂੰ ਅੰਕੜਿਆਂ ਤੋਂ ਸਬਕ ਲੈ ਕੇ ਲੋਕਾਂ ਦੀਆਂ ਅਸਲ ਉਮੀਦਾਂ ਪੂਰੀਆਂ ਕਰਨੀਆਂ ਪੈਣਗੀਆਂ, ਨਹੀਂ ਤਾਂ ਵੋਟਰ ਫ਼ੇਰ ਕਿਸੇ ਨਵੀਂ ਚਾਲ ਨੂੰ ਖੇਡਣ ਦੇਣਗੇ।

# ਗ੍ਰੇਟ ਨਿਕੋਬਾਰ: ਭਾਰਤ ਦੀ ਸਮੁੰਦਰੀ ਰਣਨੀਤੀ ਦਾ ਮੁੱਖ ਕੇਂਦਰ

**ਐਡਮਿਰਲ ਡੀ. ਕੇ. ਜੋਸ਼ੀ**

ਕੌਟਿਲਯ ਦੀ ਇਹ ਸਿੱਖਿਆ ਸਦੀਆਂ ਪਹਿਲਾਂ ਹੀ ਸ਼ਾਸਨ ਅਤੇ ਰਣਨੀਤੀ ਦੀ ਮੂਲ ਸੋਚ ਦਾ ਹਿੱਸਾ ਬਣ ਚੁੱਕੀ ਸੀ ਅਤੇ ਅੱਜ ਦੇ ਸਮੇਂ ਵਿੱਚ ਇਹ ਪਹਿਲਾਂ ਨਾਲੋਂ ਕਿਤੇ ਵੱਧ ਪ੍ਰਸੰਗਿਕ ਹੋ ਕੇ ਸਾਹਮਣੇ ਆਈ ਹੈ। ਅੱਜ ਦੇਸ਼ਾਂ ਦੀ ਪ੍ਰੀਖਿਆ ਕੇਵਲ ਉਨ੍ਹਾਂ ਦੀ ਅਰਥਵਿਵਸਥਾ ਦੇ ਆਕਾਰ ਜਾਂ ਫ਼ੌਜੀ ਤਾਕਤ ਨਾਲ ਨਹੀਂ ਹੋ ਰਹੀ, ਸਗੋਂ ਇਸ ਗੱਲ ਨਾਲ ਹੋ ਰਹੀ ਹੈ ਕਿ ਉਹ ਭੂਗੋਲ ਨੂੰ ਕਿੰਨੀ ਚੰਗੀ ਤਰ੍ਹਾਂ ਸਮਝਦੇ ਹਨ, ਭਵਿੱਖ ਦਾ ਕਿੰਨਾ ਸਹੀ ਅਨੁਮਾਨ ਲਗਾਉਂਦੇ ਹਨ ਅਤੇ ਮੌਕੇ ਦੇ ਖ਼ਤਰੇ ਵਿੱਚ ਬਦਲਣ ਤੋਂ ਪਹਿਲਾਂ ਕਿੰਨੀ ਤੇਜ਼ੀ ਨਾਲ ਫੈਸਲੇ ਲੈਂਦੇ ਹਨ। ਗ੍ਰੇਟ ਨਿਕੋਬਾਰ ਭਾਰਤ ਲਈ ਅਜਿਹੀ ਹੀ ਇੱਕ ਵੱਡੀ ਪ੍ਰੀਖਿਆ ਹੈ। ਇਹ ਭਾਰਤੀ ਨਕਸ਼ੇ ਦੇ ਦੱਖਣੀ-ਪੂਰਬੀ ਸਿਰੇ 'ਤੇ ਸਥਿਤ ਇੱਕ ਦੂਰ-ਦੁਰਾਡੇ ਦਵੀਪ ਵਾਂਗ ਪ੍ਰਤੀਤ ਹੁੰਦਾ ਹੈ। ਇੱਕ ਅਜਿਹੀ ਜਗ੍ਹਾ ਜਿਸ ਨੂੰ ਦਹਾਕਿਆਂ ਤੋਂ ਲਗਭਗ ਅਣਛੂਹਿਆ ਛੱਡ ਦਿੱਤਾ ਗਿਆ ਹੈ ਅਤੇ ਜਿਸ ਨੂੰ ਉਵੇਂ ਹੀ ਰਹਿਣ ਦੇਣਾ ਚਾਹੀਦਾ ਹੈ। ਪਰ ਗ੍ਰੇਟ ਨਿਕੋਬਾਰ ਭਾਰਤ ਦੀ ਅਗਲੀ ਸਮੁੰਦਰੀ ਚੌਕੀ ਹੈ। ਹਿੰਦ-ਪ੍ਰਸ਼ਾਂਤ (ਇੰਡੋ-ਪੈਸੀਫਿਕ) ਖੇਤਰ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਮਾਰਗਾਂ ਦੇ ਨੇੜੇ ਸਥਿਤ ਇਹ ਦਵੀਪ ਦੁਨੀਆ ਵੱਲ ਭਾਰਤ ਦੇ ਸਭ ਤੋਂ ਅਹਿਮ ਰਣਨੀਤਕ ਮੌਕਿਆਂ ਵਿੱਚੋਂ ਇੱਕ ਹੈ।

ਇਸ ਲਈ ਗ੍ਰੇਟ ਨਿਕੋਬਾਰ ਦੇ ਪ੍ਰਸਤਾਵਿਤ ਵਿਕਾਸ ਨੂੰ ਕੇਵਲ ਇੱਕ ਬੁਨਿਆਦੀ ਢਾਂਚਾ ਪ੍ਰੋਜੈਕਟ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਕੇਵਲ ਇੱਕ ਬੰਦਰਗਾਹ, ਹਵਾਈ ਅੱਡਾ, ਟਾਊਨਸ਼ਿਪ ਜਾਂ ਬਿਜਲੀ ਪਲਾਂਟ ਬਣਾਉਣ ਦਾ ਸਵਾਲ ਨਹੀਂ ਹੈ। ਇਹ ਵਾਸਤਵ ਵਿੱਚ ਇਸ ਗੱਲ ਦੀ ਰਣਨੀਤਕ ਪ੍ਰੀਖਿਆ ਹੈ ਕਿ ਕੀ ਭਾਰਤ ਆਪਣੀ ਇਸ ਦੁਰਲੱਭ ਭੂਗੋਲਿਕ ਬੜ੍ਹਤ ਨੂੰ ਰਾਸ਼ਟਰੀ ਸ਼ਕਤੀ ਵਿੱਚ ਬਦਲਣ ਲਈ ਤਿਆਰ ਹੈ। ਸਦੀਆਂ ਤੋਂ ਹਿੰਦ ਮਹਾਂਸਾਗਰ ਨੇ ਭਾਰਤ ਦੀ ਤਕਦੀਰ ਨੂੰ ਘੜਿਆ ਹੈ। ਇਸੇ ਸਮੁੰਦਰੀ ਖੇਤਰ ਨੇ ਸਾਡੇ ਵਪਾਰ, ਸਾਡੇ ਵਿਚਾਰਾਂ ਅਤੇ ਸਾਡੀ ਸੱਭਿਅਤਾ ਦੇ ਪ੍ਰਭਾਵ ਨੂੰ ਵਿਸ਼ਵ ਭਰ ਵਿੱਚ ਪਹੁੰਚਾਇਆ, ਪਰ ਕਈ ਵਾਰ ਇਹ ਸਾਡੀਆਂ ਕਮਜ਼ੋਰੀਆਂ ਦਾ ਕਾਰਨ ਵੀ ਬਣਿਆ। ਫਿਰ ਵੀ ਆਜ਼ਾਦੀ ਤੋਂ ਬਾਅਦ ਲੰਬੇ ਸਮੇਂ ਤੱਕ ਭਾਰਤ ਦੀ ਰਣਨੀਤਕ ਸੋਚ ਮੁੱਖ ਤੌਰ 'ਤੇ ਜ਼ਮੀਨ-ਅਧਾਰਤ ਹੀ ਰਹੀ।

ਇਹ ਨਿਰਵਿਵਾਦ ਹੈ ਕਿ ਗ੍ਰੇਟ ਨਿਕੋਬਾਰ ਬਹੁਤ ਮਹੱਤਵਪੂਰਨ ਰਣਨੀਤਕ ਸਥਾਨ ਹੈ। ਇਹ ਅੰਡੇਮਾਨ ਅਤੇ ਨਿਕੋਬਾਰ ਦਵੀਪ ਸਮੂਹ ਦੇ ਸਭ ਤੋਂ ਵੱਡੇ ਦਵੀਪਾਂ ਵਿੱਚੋਂ ਇੱਕ ਹੈ, ਜਿਸ ਦਾ ਖੇਤਰਫਲ ਲਗਭਗ 910 ਵਰਗ ਕਿਲੋਮੀਟਰ ਹੈ। ਪ੍ਰਸਤਾਵਿਤ ਪ੍ਰੋਜੈਕਟ ਦਾ ਕੁੱਲ ਖੇਤਰਫਲ 166.10 ਵਰਗ ਕਿਲੋਮੀਟਰ ਹੈ, ਜੋ ਪੂਰੇ ਦਵੀਪ ਸਮੂਹ ਦੇ ਕੁੱਲ ਖੇਤਰਫਲ ਦਾ ਕੇਵਲ ਲਗਭਗ 2 ਫ਼ੀਸਦੀ ਹੈ। ਇਸ ਵਿੱਚੋਂ 130.75 ਵਰਗ ਕਿਲੋਮੀਟਰ ਜੰਗਲਾਤ ਭੂਮੀ ਨੂੰ ਪ੍ਰੋਜੈਕਟ ਲਈ ਵਰਤੋਂ ਵਿੱਚ ਲਿਆਉਣ ਦਾ ਪ੍ਰਸਤਾਵ ਹੈ, ਜੋ ਦਵੀਪ ਸਮੂਹ ਦੇ ਕੁੱਲ ਜੰਗਲੀ ਖੇਤਰ ਦਾ ਲਗਭਗ 1.82 ਫੀਸਦੀ ਹੈ।

ਇਹ ਦੱਖਣ-ਪੂਰਬੀ ਏਸ਼ੀਆ ਦੇ ਨੇੜੇ ਸਥਿਤ ਹੈ ਅਤੇ ਮਲੱਕਾ ਸਟਰੇਟ, 6 ਡਿਗਰੀ ਚੈਨਲ, ਸੁੰਡਾ ਸਟਰੇਟ ਅਤੇ ਲੋਂਬੋਕ ਸਟਰੇਟ ਵਰਗੇ ਪ੍ਰਮੁੱਖ ਗਲੋਬਲ ਸਮੁੰਦਰੀ ਮਾਰਗਾਂ ਦੇ ਨੇੜੇ ਆਉਂਦਾ ਹੈ। ਅਸਲ ਰਣਨੀਤਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਇਹ ਭਾਰਤ ਦੀ ਪੂਰਬੀ ਸਮੁੰਦਰੀ ਚੌਕੀ ਹੈ।

ਇਸਦਾ ਮਹੱਤਵ ਉਦੋਂ ਹੋਰ ਸਪੱਸ਼ਟ ਹੋ ਜਾਂਦਾ ਹੈ ਜਦੋਂ ਇਸਨੂੰ ਕੇਵਲ ਭੂ-ਭਾਗ ਦੇ ਦ੍ਰਿਸ਼ਟੀਕੋਣ ਤੋਂ ਨਹੀਂ, ਸਗੋਂ ਸਮੁੰਦਰੀ ਰਣਨੀਤੀ ਦੇ ਵਿਆਪਕ ਸੰਦਰਭ ਵਿੱਚ ਦੇਖਿਆ ਜਾਵੇ। ਕਲਪਨਾ ਕਰੋ ਉਨ੍ਹਾਂ ਜਹਾਜ਼ਾਂ ਦੀ, ਜੋ ਅਦਨ ਦੀ ਖਾੜੀ ਤੋਂ ਮਲੱਕਾ ਸਟਰੇਟ ਵੱਲ ਵਧ ਰਹੇ ਹਨ; ਊਰਜਾ ਨਾਲ ਲੱਦੇ ਮਾਲਵਾਹਕ ਜਹਾਜ਼, ਜੋ ਪੱਛਮੀ ਏਸ਼ੀਆ ਅਤੇ ਅਫ਼ਰੀਕਾ ਤੋਂ ਪੂਰਬੀ ਏਸ਼ੀਆ ਵੱਲ ਜਾ ਰਹੇ ਹਨ; ਏਸ਼ੀਆ, ਅਫ਼ਰੀਕਾ ਅਤੇ ਯੂਰੋਪ ਨੂੰ ਜੋੜਨ ਵਾਲੀ ਕੰਟੇਨਰ ਆਵਾਜਾਈ ਅਤੇ ਨੌਸੈਨਿਕ ਸਰੋਤ, ਨਿਗਰਾਨੀ ਪ੍ਰਣਾਲੀਆਂ ਅਤੇ ਲੌਜਿਸਟਿਕ ਚੇਨਾਂ, ਜੋ ਇਨ੍ਹਾਂ ਜਲਮਾਰਗਾਂ ਤੋਂ ਹੋ ਕੇ ਗੁਜ਼ਰ ਰਹੀਆਂ ਹਨ। ਹਿੰਦ ਮਹਾਂਸਾਗਰ ਹੁਣ ਸ਼ਾਂਤ ਸਮੁੰਦਰ ਨਹੀਂ ਰਿਹਾ। ਇਹ ਤੇਜ਼ੀ ਨਾਲ ਇੱਕ ਭੀੜ-ਭੜੱਕੇ ਵਾਲੇ ਰਣਨੀਤਕ ਖੇਤਰ ਵਿੱਚ ਬਦਲ ਰਿਹਾ ਹੈ। ਊਰਜਾ ਦੀ ਸਪਲਾਈ, ਕੰਟੇਨਰ ਆਵਾਜਾਈ, ਨੌਸੈਨਿਕ ਤਾਇਨਾਤੀ, ਦਵੀਪਾਂ ਦੀਆਂ ਸਹੂਲਤਾਂ, ਸਮੁੰਦਰ ਦੇ ਹੇਠਾਂ ਵਿਛਾਈਆਂ ਕੇਬਲਾਂ ਅਤੇ ਸਮੁੰਦਰੀ ਨਿਗਰਾਨੀ ਹੁਣ ਇੱਕ ਵੱਡੀ ਗਲੋਬਲ ਮੁਕਾਬਲੇਬਾਜ਼ੀ ਦਾ ਹਿੱਸਾ ਬਣ ਚੁੱਕੇ ਹਨ। ਇਹ ਸ਼ਾਇਦ ਮੁੱਖ ਭੂਮੀ 'ਤੇ ਬੈਠੇ ਕਈ ਲੋਕਾਂ ਨੂੰ ਦਿਖਾਈ ਨਾ ਦੇਵੇ, ਪਰ ਦੇਸ਼ਾਂ ਦੇ ਭਵਿੱਖ ਲਈ ਇਹ ਬੇਹੱਦ ਫੈਸਲਾਕੁੰਨ ਹੈ।

ਹਾਲ ਹੀ ਦੀ ਇੱਕ ਮਹੱਤਵਪੂਰਨ ਪ੍ਰਗਤੀ ਇਹ ਹੈ ਕਿ ਅੰਡੇਮਾਨ ਸਾਗਰ ਨੂੰ ਥਾਈਲੈਂਡ ਦੀ ਖਾੜੀ ਨਾਲ ਜੋੜਨ ਵਾਲੇ ਦਹਾਕਿਆਂ ਪੁਰਾਣੇ ਕੈਨਾਲ ਪ੍ਰੋਜੈਕਟ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਦੀ ਜਗ੍ਹਾ ਹੁਣ ਲਗਭਗ 90 ਕਿਲੋਮੀਟਰ ਲੰਬੇ 'ਮਲਟੀ-ਮੋਡਲ ਲੈਂਡ ਬ੍ਰਿਜ' ਦੀ ਯੋਜਨਾ ਅੰਤਿਮ ਪ੍ਰਵਾਨਗੀ ਦੀ ਉਡੀਕ ਵਿੱਚ ਹੈ। ਇਹ ਪ੍ਰੋਜੈਕਟ 'ਟੈਂਥ ਪੈਰਲਲ' (A@th Parallel) ਦੇ ਨਾਲ ਦੋ ਨਵੇਂ ਡਿਜ਼ਾਈਨ ਕੀਤੇ ਗਏ ਡੂੰਘੇ ਸਮੁੰਦਰੀ ਬੰਦਰਗਾਹਾਂ ਨੂੰ ਜੋੜੇਗਾ — ਇੱਕ ਅੰਡੇਮਾਨ ਸਾਗਰ ਦੇ ਕਿਨਾਰੇ ਰਣੋਂਗ ਵਿੱਚ ਅਤੇ ਦੂਜਾ ਥਾਈਲੈਂਡ ਦੀ ਖਾੜੀ ਦੇ ਕਿਨਾਰੇ ਚੁੰਫੋਨ ਵਿੱਚ। ਇਸ ਦੇ ਨਾਲ ਦੋਹਰੇ ਟਰੈਕਾਂ ਵਾਲੀ ਹਾਈ-ਸਪੀਡ ਰੇਲ, ਬਹੁ-ਲੇਨ ਸੜਕ, ਤੇਲ ਅਤੇ ਗੈਸ ਲਈ ਊਰਜਾ ਪਾਈਪਲਾਈਨਾਂ ਅਤੇ ਹਵਾਈ ਤੇ ਡਿਜੀਟਲ ਗ੍ਰਿਡ ਵੀ ਪ੍ਰਸਤਾਵਿਤ ਹਨ। ਇਹ ਸਾਰੇ ਕਾਰਕ ਮਿਲ ਕੇ ਇੰਡੋ-ਪੈਸੀਫਿਕ ਵਪਾਰਕ ਮਾਰਗਾਂ ਨੂੰ ਪੂਰੀ ਤਰ੍ਹਾਂ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰ ਰਹੇ ਹਨ ਅਤੇ ਆਰਥਿਕ ਸ਼ਕਤੀ ਦਾ ਕੇਂਦਰ ਸਿੱਧਾ ਅੰਡੇਮਾਨ ਬੇਸਿਨ ਵੱਲ ਤਬਦੀਲ ਕਰ ਰਹੇ ਹਨ।

ਮਲੱਕਾ ਸਟਰੇਟ ਵਿਸ਼ਵ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ 'ਚੋਕਪੁਆਇੰਟਸ' ਵਿੱਚੋਂ ਇੱਕ ਹੈ। ਇਹ ਹਿੰਦ ਮਹਾਂਸਾਗਰ ਨੂੰ ਪ੍ਰਸ਼ਾਂਤ ਮਹਾਂਸਾਗਰ ਨਾਲ ਜੋੜਦਾ ਹੈ ਅਤੇ ਬੇਹੱਦ ਕੀਮਤੀ ਊਰਜਾ ਸਰੋਤਾਂ (ਤੇਲ ਅਤੇ ਐਲ.ਐਨ.ਜੀ.) ਅਤੇ ਗਲੋਬਲ ਵਪਾਰ ਦਾ ਮੁੱਖ ਰਸਤਾ ਹੈ। ਗ੍ਰੇਟ ਨਿਕੋਬਾਰ ਦੀ ਗਲਾਥੀਆ ਖਾੜੀ 6 ਡਿਗਰੀ ਚੈਨਲ ਤੋਂ ਲਗਭਗ 45 ਕਿਲੋਮੀਟਰ ਦੂਰ ਹੈ, ਜੋ ਮਲੱਕਾ ਸਟਰੇਟ ਨੂੰ ਅਫ਼ਰੀਕਾ, ਮੱਧ ਪੂਰਬ ਅਤੇ ਯੂਰੋਪ ਵੱਲ ਜਾਣ ਵਾਲੇ ਸਮੁੰਦਰੀ ਮਾਰਗਾਂ ਨਾਲ ਜੋੜਦੀ ਹੈ। ਅਨੁਮਾਨ ਹੈ ਕਿ ਹਰ ਸਾਲ ਲਗਭਗ ਇੱਕ ਲੱਖ ਜਹਾਜ਼ ਮਲੱਕਾ ਸਟਰੇਟ 6 ਡਿਗਰੀ ਚੈਨਲ ਮਾਰਗ ਤੋਂ ਗੁਜ਼ਰਦੇ ਹਨ। ਮਲੱਕਾ, ਸੁੰਡਾ ਅਤੇ ਲੋਂਬੋਕ ਵਰਗੇ ਰਣਨੀਤਕ ਚੋਕਪੁਆਇੰਟਸ ਦੇ ਨੇੜੇ ਸਥਿਤ ਹੋਣ ਕਾਰਨ ਇਹ ਦਵੀਪ ਭਾਰਤ ਨੂੰ ਬਹੁਤ ਮਹੱਤਵਪੂਰਨ ਰਣਨੀਤਕ ਬੜ੍ਹਤ ਪ੍ਰਦਾਨ ਕਰਦਾ ਹੈ। ਕੋਈ ਵੀ ਗੰਭੀਰ ਸਮੁੰਦਰੀ ਤਾਕਤ ਅਜਿਹੇ ਭੂਗੋਲਿਕ ਤੱਥਾਂ ਨੂੰ ਨਜ਼ਰਅੰਦਾਜ਼ ਕਰਨ ਦਾ ਜੋਖਮ ਨਹੀਂ ਉਠਾ ਸਕਦੀ। ਹਿੰਦ ਮਹਾਂਸਾਗਰ ਖੇਤਰ (IOR) ਵਿੱਚ ਕਈ ਸ਼ਕਤੀਸ਼ਾਲੀ ਦੇਸ਼ ਬੰਦਰਗਾਹਾਂ, ਲੌਜਿਸਟਿਕ ਪ੍ਰਬੰਧਾਂ, ਸਮੁੰਦਰੀ ਪਹੁੰਚ ਸਹੂਲਤਾਂ, ਨੌਸੈਨਿਕ ਸਰੋਤਾਂ, ਨਿਗਰਾਨੀ ਪ੍ਰਣਾਲੀਆਂ ਅਤੇ ਆਰਥਿਕ ਲਾਂਘਿਆਂ ਰਾਹੀਂ ਨਿਰੰਤਰ ਆਪਣੀ ਮੌਜੂਦਗੀ ਦਾ ਵਿਸਤਾਰ ਕਰ ਰਹੇ ਹਨ। ਭਾਰਤ ਦਾ ਜਵਾਬ ਝਿਜਕ ਵਾਲਾ ਨਹੀਂ ਹੋ ਸਕਦਾ। ਉਸਦਾ ਜਵਾਬ ਰਣਨੀਤਕ ਮਜ਼ਬੂਤੀ ਹੋਣਾ ਚਾਹੀਦਾ ਹੈ। ਪ੍ਰਭੂਸੱਤਾ ਕੇਵਲ ਨਕਸ਼ੇ 'ਤੇ ਸਰਹੱਦਾਂ ਖਿੱਚ ਦੇਣ ਨਾਲ ਮਜ਼ਬੂਤ ਨਹੀਂ ਹੁੰਦੀ। ਉਹ ਉਦੋਂ ਸ਼ਕਤੀਸ਼ਾਲੀ ਹੁੰਦੀ ਹੈ ਜਦੋਂ ਕੋਈ ਭੂ-ਭਾਗ ਜੁੜਿਆ ਹੋਇਆ, ਆਬਾਦ, ਸੁਵਿਧਾਜਨਕ, ਉਤਪਾਦਕ ਅਤੇ ਰਣਨੀਤਕ ਤੌਰ 'ਤੇ ਉਪਯੋਗੀ ਬਣਦਾ ਹੈ। ਅੰਤਰਰਾਸ਼ਟਰੀ ਕੰਟੇਨਰ ਟਰਾਂਸਸ਼ਿਪਮੈਂਟ ਪੋਰਟ, ਗ੍ਰੀਨਫੀਲਡ ਹਵਾਈ ਅੱਡਾ, ਟਾਊਨਸ਼ਿਪ ਅਤੇ ਬਿਜਲੀ ਪਲਾਂਟ ਵੱਖ-ਵੱਖ ਪ੍ਰੋਜੈਕਟ ਨਹੀਂ ਹਨ। ਇਹ ਸਾਰੇ ਮਿਲ ਕੇ ਉਸ ਪ੍ਰਣਾਲੀ (ਇਕੋਸਿਸਟਮ) ਦਾ ਨਿਰਮਾਣ ਕਰਦੇ ਹਨ, ਜਿਸ ਦੀ ਸਹਾਇਤਾ ਨਾਲ ਭਾਰਤ ਇੱਕ ਫੈਸਲਾਕੁੰਨ ਸਮੁੰਦਰੀ ਸਥਾਨ 'ਤੇ ਭਰੋਸੇਯੋਗ, ਨਿਰੰਤਰ ਅਤੇ ਬਹੁ-ਆਯਾਮੀ ਮੌਜੂਦਗੀ ਬਣਾਈ ਰੱਖ ਸਕਦਾ ਹੈ।

ਨੈਸ਼ਨਲ ਗ੍ਰੀਨ ਟ੍ਰਿਬਿਊਨਲ (NGT) ਨੇ ਉਚਿਤ ਜਾਂਚ-ਪੜਤਾਲ ਅਤੇ ਇਤਰਾਜ਼ਾਂ ਦੇ ਨਿਪਟਾਰੇ ਤੋਂ ਬਾਅਦ ਇਹ ਸਵੀਕਾਰ ਕੀਤਾ ਕਿ ਇਹ ਪ੍ਰੋਜੈਕਟ ਕੇਵਲ ਦਵੀਪ ਅਤੇ ਉਸ ਦੇ ਆਸ-ਪਾਸ ਦੇ ਰਣਨੀਤਕ ਖੇਤਰ ਦੇ ਆਰਥਿਕ ਵਿਕਾਸ ਲਈ ਹੀ ਨਹੀਂ, ਸਗੋਂ ਰੱਖਿਆ ਅਤੇ ਰਾਸ਼ਟਰੀ ਸੁਰੱਖਿਆ ਲਈ ਵੀ ਬਹੁਤ ਮਹੱਤਵਪੂਰਨ ਹੈ। ਸਿੰਗਾਪੁਰ ਕੇਵਲ ਇਸ ਲਈ ਇੱਕ ਮਹਾਨ ਸਮੁੰਦਰੀ ਕੇਂਦਰ ਨਹੀਂ ਬਣਿਆ ਕਿਉਂਕਿ ਉਸਦਾ ਭੂਗੋਲਿਕ ਸਥਾਨ ਅਨੁਕੂਲ ਸੀ। ਉਸਨੇ ਉਸ ਸਥਾਨ ਦੇ ਆਲੇ-ਦੁਆਲੇ ਲੋੜੀਂਦੀਆਂ ਸਮਰੱਥਾਵਾਂ ਦਾ ਨਿਰਮਾਣ ਕੀਤਾ। ਭੂਗੋਲਿਕ ਸਥਿਤੀ ਨੇ ਉਸਨੂੰ ਮੌਕਾ ਦਿੱਤਾ ਅਤੇ ਉਸਦੇ ਬੁਨਿਆਦੀ ਢਾਂਚੇ ਦੇ ਵਿਕਾਸ ਨੇ ਉਸ ਮੌਕੇ ਨੂੰ ਪ੍ਰਭਾਵ ਵਿੱਚ ਬਦਲ ਦਿੱਤਾ। ਹਿੰਦ ਮਹਾਂਸਾਗਰ ਵਿੱਚ 'ਡੀਏਗੋ ਗਾਰਸੀਆ' ਇੱਕ ਹੋਰ ਮਹੱਤਵਪੂਰਨ ਉਦਾਹਰਣ ਪੇਸ਼ ਕਰਦਾ ਹੈ। ਇਹ ਦਰਸਾਉਂਦਾ ਹੈ ਕਿ ਕੋਈ ਦੂਰ-ਦੁਰਾਡੇ ਦਾ ਦਵੀਪ ਵੀ, ਜੇਕਰ ਉਸਨੂੰ ਲੌਜਿਸਟਿਕ ਅਤੇ ਸੰਚਾਲਨ ਬੁਨਿਆਦੀ ਢਾਂਚੇ ਨਾਲ ਲੈਸ ਕੀਤਾ ਜਾਵੇ, ਤਾਂ ਬੇਮਿਸਾਲ ਰਣਨੀਤਕ ਮਹੱਤਵ ਹਾਸਲ ਕਰ ਸਕਦਾ ਹੈ। ਸਮੁੰਦਰੀ ਸ਼ਕਤੀ ਕੇਵਲ ਭੂਗੋਲ ਨਾਲ ਨਹੀਂ ਬਣਦੀ; ਉਹ ਭੂਗੋਲ ਦਾ ਉਪਯੋਗ ਕਰਨ ਦੀ ਲੋੜੀਂਦੀ ਸਮਰੱਥਾ ਵਿਕਸਤ ਕਰਨ ਨਾਲ ਬਣਦੀ ਹੈ। ਗ੍ਰੇਟ ਨਿਕੋਬਾਰ ਭਾਰਤ ਨੂੰ ਇਹ ਸਭ ਇੱਕ ਸੰਤੁਲਿਤ ਅਤੇ ਵਿਲੱਖਣ ਭਾਰਤੀ ਦ੍ਰਿਸ਼ਟੀਕੋਣ ਨਾਲ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਇਹ ਵਪਾਰ ਨੂੰ ਹੱਲਾਸ਼ੇਰੀ ਦੇ ਸਕਦਾ ਹੈ ਅਤੇ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰ ਸਕਦਾ ਹੈ, ਵਿਦੇਸ਼ੀ ਟਰਾਂਸਸ਼ਿਪਮੈਂਟ ਕੇਂਦਰਾਂ 'ਤੇ ਨਿਰਭਰਤਾ ਘਟਾ ਸਕਦਾ ਹੈ, ਨਾਲ ਹੀ ਭਾਰਤ ਦੀ ਸਮੁੰਦਰੀ ਪਹੁੰਚ ਨੂੰ ਵਧਾ ਸਕਦਾ ਹੈ ਅਤੇ ਦੱਖਣ-ਪੂਰਬੀ ਏਸ਼ੀਆ ਲਈ ਇੱਕ ਪ੍ਰਵੇਸ਼ ਦੁਆਰ ਅਤੇ ਵਿਆਪਕ ਇੰਡੋ-ਪੈਸੀਫਿਕ ਖੇਤਰ ਲਈ ਇੱਕ ਰਣਨੀਤਕ ਮੰਚ ਵਜੋਂ ਕੰਮ ਕਰ ਸਕਦਾ ਹੈ। ਗ੍ਰੇਟ ਨਿਕੋਬਾਰ ਵਿੱਚ ਇੱਕ ਟਰਾਂਸਸ਼ਿਪਮੈਂਟ ਪੋਰਟ ਭਾਰਤ ਦੀ ਉਸ ਸਮੱਗਰੀ 'ਤੇ ਨਿਰਭਰਤਾ ਨੂੰ ਘਟਾ ਸਕਦਾ ਹੈ, ਜਿਸਨੂੰ ਮੌਜੂਦਾ ਸਮੇਂ ਵਿੱਚ ਵਿਦੇਸ਼ੀ ਬੰਦਰਗਾਹਾਂ ਰਾਹੀਂ ਟਰਾਂਸਸ਼ਿਪ ਕੀਤਾ ਜਾਂਦਾ ਹੈ। ਇਸ ਨਾਲ ਸਪਲਾਈ ਚੇਨ ਮਜ਼ਬੂਤ ਹੋਵੇਗੀ, ਨਿਵੇਸ਼ ਆਕਰਸ਼ਿਤ ਹੋਵੇਗਾ, ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਭਾਰਤ ਨੂੰ ਆਪਣੀ ਸਮੱਗਰੀ ਦੀ ਆਵਾਜਾਈ 'ਤੇ ਵਧੇਰੇ ਨਿਯੰਤਰਣ ਅਤੇ ਨਿਸ਼ਚਿਤਤਾ ਹਾਸਲ ਹੋਵੇਗੀ। ਬੇਸ਼ੱਕ, ਗ੍ਰੇਟ ਨਿਕੋਬਾਰ ਵਾਤਾਵਰਣ ਦੀ ਦ੍ਰਿਸ਼ਟੀ ਤੋਂ ਬਹੁਤ ਸੰਵੇਦਨਸ਼ੀਲ ਖੇਤਰ ਹੈ। ਇਸ ਪੱਧਰ ਦੇ ਕਿਸੇ ਵੀ ਪ੍ਰੋਜੈਕਟ ਨੂੰ ਵਾਤਾਵਰਣਕ ਸਾਵਧਾਨੀ, ਕਾਨੂੰਨੀ ਪਾਲਣਾ, ਵਿਗਿਆਨਕ ਨਿਗਰਾਨੀ ਅਤੇ ਅਸਲ ਸੁਧਾਰਾਤਮਕ ਉਪਾਵਾਂ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਵਿਕਾਸ ਲਾਪਰਵਾਹ ਨਹੀਂ ਹੋ ਸਕਦਾ। ਪਰ ਵਾਤਾਵਰਣ ਦੀ ਸੰਵੇਦਨਸ਼ੀਲਤਾ ਨੂੰ ਰਣਨੀਤਕ ਸੋਚ 'ਤੇ ਸਥਾਈ ਵੀਟੋ ਦਾ ਅਧਾਰ ਵੀ ਨਹੀਂ ਬਣਾਇਆ ਜਾ ਸਕਦਾ। ਅਸਲ ਚੁਣੌਤੀ ਵਾਤਾਵਰਣ ਅਤੇ ਰਾਸ਼ਟਰੀ ਸੁਰੱਖਿਆ ਵਿੱਚੋਂ ਕਿਸੇ ਇੱਕ ਨੂੰ ਚੁਣਨ ਦੀ ਨਹੀਂ ਹੈ। ਅਸਲ ਚੁਣੌਤੀ ਇਹ ਹੈ ਕਿ ਰਾਸ਼ਟਰੀ ਸੁਰੱਖਿਆ ਨੂੰ ਵਾਤਾਵਰਣਕ ਜ਼ਿੰਮੇਵਾਰੀ ਦੇ ਨਾਲ ਅੱਗੇ ਵਧਾਇਆ ਜਾਵੇ। ਅਸਲ ਸਵਾਲ ਇਹ ਹੈ ਕਿ ਕੀ ਭਾਰਤ ਇਸ ਰਣਨੀਤਕ ਦਵੀਪ ਦਾ ਜ਼ਿੰਮੇਵਾਰੀ ਪੂਰਵਕ ਵਿਕਾਸ ਕਰਨਾ ਚਾਹੁੰਦਾ ਹੈ, ਜਾਂ ਫਿਰ ਅਜਿਹੇ ਸਮੇਂ ਵਿੱਚ ਜਦੋਂ ਪੂਰਾ ਇੰਡੋ-ਪੈਸੀਫਿਕ ਖੇਤਰ ਮੁੜ-ਸੰਗਠਿਤ ਹੋ ਰਿਹਾ ਹੈ, ਉਹ ਇਸ ਦਵੀਪ ਨੂੰ ਅਵਿਕਸਿਤ ਅਤੇ ਨਾਕਾਫ਼ੀ ਰੂਪ ਵਿੱਚ ਜੁੜਿਆ ਹੋਇਆ ਛੱਡ ਦੇਵੇਗਾ। ਭਾਰਤ ਨੂੰ ਰਣਨੀਤਕ ਦ੍ਰਿਸ਼ਟੀ ਤੋਂ ਸੋਚਣ ਲਈ ਕਿਸੇ ਤੋਂ ਮੁਆਫ਼ੀ ਮੰਗਣ ਦੀ ਲੋੜ ਨਹੀਂ ਹੈ। ਉਸ ਨੂੰ ਕੇਵਲ ਜ਼ਿੰਮੇਵਾਰੀ ਪੂਰਵਕ, ਫੈਸਲਾਕੁੰਨ ਰੂਪ ਵਿੱਚ ਅਤੇ ਸਪੱਸ਼ਟ ਰਾਸ਼ਟਰੀ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੰਮ ਕਰਨ ਦੀ ਲੋੜ ਹੈ। ਇੰਡੋ-ਪੈਸੀਫਿਕ ਦੀ ਇਸ ਸਦੀ ਵਿੱਚ, ਗ੍ਰੇਟ ਨਿਕੋਬਾਰ ਭਾਰਤ ਦਾ ਆਖ਼ਰੀ ਸਿਰਾ ਨਹੀਂ ਹੈ, ਇਹ ਭਵਿੱਖ ਦੇ ਪ੍ਰਵੇਸ਼ ਦੁਆਰ 'ਤੇ ਸਥਿਤ ਭਾਰਤ ਦਾ 'ਵਾਚਟਾਵਰ' ਹੈ।



ਵਿੰਕਲਜੀਤ ਸਿੰਘ ਸਰਾ
9501477889

## ਭਾਰਤੀ ਲੋਕਤੰਤਰ ਦੇ ਮਹਾਨ ਸ਼ਿਲਪਕਾਰ

# ਡਾ. ਬੀ. ਆਰ. ਅੰਬੇਡਕਰ ਦੇ ਸਮਾਜਿਕ, ਰਾਜਨੀਤਿਕ ਅਤੇ ਸੰਸਦੀ ਵਿਚਾਰਾਂ ਦਾ ਪੁਨਰ-ਮੁਲਾਂਕਣ

**ਇੱਕ ਨਵੇਂ ਯੁੱਗ ਦਾ ਉਦੈ**: ਆਧੁਨਿਕ ਭਾਰਤ ਦੇ ਇਤਿਹਾਸਿਕ ਅਤੇ ਰਾਜਨੀਤਿਕ ਦ੍ਰਿਸ਼ ਪਟਲ 'ਤੇ ਡਾ. ਭੀਮਰਾਓ ਰਾਮਜੀ ਅੰਬੇਡਕਰ ਇੱਕ ਅਜਿਹਾ ਪ੍ਰਕਾਸ਼ਵਾਨ ਨਾਂ ਹਨ, ਜਿਨ੍ਹਾਂ ਦੀ ਸ਼ਖ਼ਸੀਅਤ ਨੂੰ ਕਿਸੇ ਇੱਕ ਦਾਇਰੇ ਵਿੱਚ ਬੰਨ੍ਹਣਾ ਅਸੰਭਵ ਹੈ। ਉਹ ਮਹਿਜ਼ ਸੰਵਿਧਾਨ ਦੀ ਮਸੌਦਾ ਕਮੇਟੀ ਦੇ ਚੇਅਰਮੈਨ ਜਾਂ ਇੱਕ ਕਾਨੂੰਨਦਾਨ ਹੀ ਨਹੀਂ ਸਨ, ਸਗੋਂ ਉਹ ਇੱਕ ਮਹਾਨ ਸਮਾਜਿਕ ਕ੍ਰਾਂਤੀਕਾਰੀ, ਉੱਘੇ ਅਰਥਸ਼ਾਸਤਰੀ, ਮਾਨਵਤਾਵਾਦੀ ਚਿੰਤਕ ਅਤੇ ਦੂਰਦਰਸ਼ੀ ਰਾਜਨੇਤਾ ਸਨ। ਭਾਰਤ ਦੇ ਸਮਾਜਿਕ ਢਾਂਚੇ ਨੂੰ ਬਦਲਣ ਅਤੇ ਦੇਸ਼ ਵਿੱਚ ਇੱਕ ਅਜਿਹੇ ਲੋਕਤੰਤਰ ਦੀ ਸਥਾਪਨਾ ਕਰਨ ਵਿੱਚ ਉਨ੍ਹਾਂ ਦਾ ਯੋਗਦਾਨ ਬੇਮਿਸਾਲ ਹੈ, ਜਿੱਥੇ ਹਰ ਨਾਗਰਿਕ ਨੂੰ ਬਿਨਾਂ ਕਿਸੇ ਭੇਦਭਾਵ ਦੇ ਬਰਾਬਰ ਦੇ ਅਧਿਕਾਰ ਮਿਲ ਸਕਣ। ਅਕਤੂਬਰ 1951 ਵਿੱਚ ਡੀ.ਏ.ਵੀ. ਕਾਲਜ ਜਲੰਧਰ ਵਿਖੇ ਦਿੱਤੇ ਗਏ ਉਨ੍ਹਾਂ ਦੇ ਇਤਿਹਾਸਕ ਭਾਸ਼ਣ ਤੋਂ ਲੈ ਕੇ ਉਨ੍ਹਾਂ ਦੀਆਂ ਡੂੰਘੀਆਂ ਲਿਖਤਾਂ ਤੱਕ, ਅੰਬੇਡਕਰ ਦਾ ਜੀਵਨ-ਦਰਸ਼ਨ ਇਹ ਸਪੱਸ਼ਟ ਕਰਦਾ ਹੈ ਕਿ ਰਾਜਨੀਤਿਕ ਆਜ਼ਾਦੀ ਉਦੋਂ ਤੱਕ ਅਧੂਰੀ ਹੈ, ਜਦੋਂ ਤੱਕ ਸਮਾਜ ਦੇ ਸਭ ਤੋਂ ਪੱਛੜੇ ਵਿਅਕਤੀ ਨੂੰ ਆਰਥਿਕ ਅਤੇ ਸਮਾਜਿਕ ਆਜ਼ਾਦੀ ਨਹੀਂ ਮਿਲਦੀ।

**ਹੰਝੂਆਂ ਤੋਂ ਹੌਸਲੇ ਤੱਕ; 'ਵੇਟਿੰਗ ਫਾਰ ਏ ਵੀਜ਼ਾ' ਅਤੇ ਜਾਤੀਵਾਦ ਦਾ ਕੋੜ੍ਹ**: ਡਾ. ਅੰਬੇਡਕਰ ਦੀ ਸਵੈ-ਜੀਵਨੀਮੂਲਕ ਇਤਿਹਾਸਕ ਲਿਖਤ 'Waiting for a Visa' ਭਾਰਤੀ ਸਮਾਜ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਛੂਤ-ਛਾਤ ਦੀ ਭਿਆਨਕ ਸੱਚਾਈ ਨੂੰ ਬਿਆਨ ਕਰਦੀ ਹੈ। ਇਹ ਪੁਸਤਕ ਅੱਜ ਵੀ ਵਿਸ਼ਵ ਪੱਧਰ 'ਤੇ, ਖ਼ਾਸ ਕਰਕੇ ਕੋਲੰਬੀਆ ਯੂਨੀਵਰਸਿਟੀ ਵਿੱਚ, ਭਾਰਤੀ ਜਾਤੀ ਵਿਵਸਥਾ ਨੂੰ ਸਮਝਣ ਲਈ ਇੱਕ ਮੁੱਖ ਦਸਤਾਵੇਜ਼ ਵਜੋਂ ਪੜ੍ਹਾਈ ਜਾਂਦੀ ਹੈ। ਇਸ ਵਿੱਚ ਉਨ੍ਹਾਂ ਨੇ ਆਪਣੇ ਜੀਵਨ ਦੇ ਉਨ੍ਹਾਂ ਦਰਦਨਾਕ ਅਨੁਭਵਾਂ ਨੂੰ ਸਾਂਝਾ ਕੀਤਾ ਹੈ, ਜਿਨ੍ਹਾਂ ਨੇ ਉਨ੍ਹਾਂ ਦੀ ਸੋਚ ਨੂੰ ਇੱਕ ਨਵੀਂ ਅਤੇ ਕ੍ਰਾਂਤੀਕਾਰੀ ਦਿਸ਼ਾ ਦਿੱਤੀ। ਬਚਪਨ ਦੇ ਦਿਨਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੇ ਲਿਖਿਆ ਸੀ ਕਿ ਕਿਵੇਂ ਸਕੂਲ ਵਿੱਚ ਉਨ੍ਹਾਂ ਨੂੰ ਹੋਰਨਾਂ ਬੱਚਿਆਂ ਨਾਲ ਬੈਠਣ ਦੀ ਇਜਾਜ਼ਤ ਨਹੀਂ ਸੀ ਅਤੇ ਪਾਣੀ ਪੀਣ ਲਈ ਵੀ ਉੱਚ ਜਾਤੀ ਦੇ ਚਪੜਾਸੀ 'ਤੇ ਨਿਰਭਰ ਰਹਿਣਾ ਪੈਂਦਾ ਸੀ, ਜੋ ਉੱਪਰੋਂ ਹੱਥਾਂ ਵਿੱਚ ਪਾਣੀ ਪਾਉਂਦਾ ਸੀ। ਜਿਸ ਦਿਨ ਚਪੜਾਸੀ ਛੁੱਟੀ 'ਤੇ ਹੁੰਦਾ, ਉਸ ਦਿਨ ਉਨ੍ਹਾਂ ਨੂੰ ਪਿਆਸੇ ਰਹਿਣਾ ਪੈਂਦਾ ਸੀ, ਜਿਸ ਨੂੰ ਉਨ੍ਹਾਂ ਨੇ ਨੋ ਚਪੜਾਸੀ, ਨੋ ਵਾਟਰ ਦੇ ਦਰਦਨਾਕ ਵਾਕ ਨਾਲ ਬਿਆਨ ਕੀਤਾ। ਇਸੇ ਤਰ੍ਹਾਂ ਕੋਰੇਗਾਓਂ ਦੀ ਯਾਤਰਾ ਦੌਰਾਨ ਸਿਰਫ਼ ਜਾਤ ਪਤਾ ਲੱਗਣ 'ਤੇ ਇੱਕ ਗੱਡੀਵਾਨ ਵੱਲੋਂ ਉਨ੍ਹਾਂ ਨੂੰ ਬੇਇੱਜ਼ਤ ਕਰਕੇ ਉਤਾਰ ਦੇਣਾ, ਇਹ ਸਾਬਤ ਕਰਦਾ ਸੀ ਕਿ ਉਸ ਸਮੇਂ ਮਨੁੱਖ ਦੀ ਯੋਗਤਾ ਨਾਲੋਂ ਉਸ ਦੀ ਜਾਤ ਵੱਡੀ ਮੰਨੀ ਜਾਂਦੀ ਸੀ। ਵਿਦੇਸ਼ੀ ਸੈਲਾਨੀ ਜਾਂ ਬਾਹਰੋਂ ਆਉਣ ਵਾਲੇ ਲੋਕ ਭਾਰਤ ਨੂੰ ਸਿਰਫ਼ ਇਸ ਦੇ ਸੱਭਿਆਚਾਰਕ ਰੰਗਾਂ ਅਤੇ ਇਮਾਰਤਾਂ ਰਾਹੀਂ ਦੇਖਦੇ ਹਨ, ਪਰ ਉਹ ਇਸ ਦੇ ਅੰਦਰੂਨੀ ਸਮਾਜਿਕ ਕੋੜ੍ਹ ਤੋਂ ਅਣਜਾਣ ਹੁੰਦੇ ਹਨ। ਅੰਬੇਡਕਰ ਜੀ ਨੇ ਉਜਾਗਰ ਕੀਤਾ ਕਿ ਕਿਵੇਂ ਦੇਸ਼ ਦੀ ਇੱਕ ਵੱਡੀ ਆਬਾਦੀ ਨੂੰ ਪਿੰਡਾਂ ਤੋਂ ਬਾਹਰ ਗੰਦਗੀ ਵਿੱਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ, ਉਨ੍ਹਾਂ ਨੂੰ ਪਿੰਡ ਦੇ ਸਾਂਝੇ ਖੂਹਾਂ ਤੋਂ ਪਾਣੀ ਲੈਣ ਦੀ ਮਨਾਹੀ ਸੀ ਅਤੇ ਉਨ੍ਹਾਂ ਦਾ ਕੰਮ ਸਿਰਫ਼ ਉੱਚ ਵਰਗ ਦੀ ਸੇਵਾ ਕਰਨਾ ਅਤੇ ਬਦਲੇ ਵਿੱਚ ਬਚਿਆ-ਖੁਚਿਆ ਅੰਨ ਮੰਗ ਕੇ ਗੁਜ਼ਾਰਾ ਕਰਨਾ ਸੀ। ਇਨ੍ਹਾਂ ਸਾਰੇ ਅਪਮਾਨਾਂ ਨੇ ਅੰਬੇਡਕਰ ਦੇ ਅੰਦਰ ਨਫ਼ਰਤ ਪੈਦਾ ਨਹੀਂ ਕੀਤੀ, ਸਗੋਂ ਕਾਨੂੰਨ ਅਤੇ ਗਿਆਨ ਦੇ ਰਾਹੀਂ ਇਸ ਪੂਰੇ ਢਾਂਚੇ ਨੂੰ ਬਦਲਣ ਦਾ ਇੱਕ ਅਟੁੱਟ ਸੰਕਲਪ ਪੈਦਾ ਕੀਤਾ।

**ਸੰਸਦੀ ਲੋਕਤੰਤਰ 'ਤੇ ਡਾ. ਅੰਬੇਡਕਰ ਦੇ ਦੂਰਦਰਸ਼ੀ ਵਿਚਾਰ**: ਡਾ. ਅੰਬੇਡਕਰ ਸੰਸਦੀ ਲੋਕਤੰਤਰ (Parliamentary Democracy) ਦੇ ਬਹੁਤ ਵੱਡੇ ਮੁਦਈ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਸੰਸਦੀ ਪ੍ਰਣਾਲੀ ਹੀ ਇੱਕ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਬਿਨਾਂ ਕਿਸੇ ਖ਼ੂਨ-ਖ਼ਰਾਬੇ ਦੇ ਸਮਾਜ ਵਿੱਚ ਵੱਡੀ ਤਬਦੀਲੀ ਲਿਆਂਦੀ ਜਾ ਸਕਦੀ ਹੈ। ਉਹ ਲੋਕਤੰਤਰ ਨੂੰ ਸਿਰਫ਼ ਸਰਕਾਰ ਚਲਾਉਣ ਦੇ ਇੱਕ ਤਰੀਕੇ ਵਜੋਂ ਨਹੀਂ, ਸਗੋਂ ਮਨੁੱਖੀ ਜੀਵਨ ਦੇ ਇੱਕ ਮਿਆਰ ਵਜੋਂ ਦੇਖਦੇ ਸਨ। ਉਨ੍ਹਾਂ ਦੇ ਅਨੁਸਾਰ ਸੰਸਦੀ ਲੋਕਤੰਤਰ ਦਾ ਮੁੱਖ ਮਕਸਦ ਦੇਸ਼ ਵਿੱਚੋਂ ਰਾਜਸ਼ਾਹੀ ਜਾਂ ਤਾਨਾਸ਼ਾਹੀ ਦਾ ਮੁਕੰਮਲ ਖ਼ਾਤਮਾ ਕਰਨਾ ਹੈ। ਰਾਜਸ਼ਾਹੀ ਵਿੱਚ ਸ਼ਕਤੀ ਇੱਕ ਹੀ ਪਰਿਵਾਰ ਜਾਂ ਵਿਅਕਤੀ ਦੇ ਹੱਥ ਵਿੱਚ ਹੁੰਦੀ ਹੈ, ਜਿੱਥੇ ਆਮ ਜਨਤਾ ਦੀ ਕੋਈ ਆਵਾਜ਼ ਨਹੀਂ ਹੁੰਦੀ। ਇਸ ਦੇ ਉਲਟ, ਸੰਸਦੀ ਲੋਕਤੰਤਰ ਸ਼ਕਤੀ ਦੀ ਚਾਬੀ ਆਮ ਲੋਕਾਂ ਦੇ ਹੱਥਾਂ ਵਿੱਚ ਸੌਂਪਦਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਸ ਪ੍ਰਣਾਲੀ ਦੇ ਸਫ਼ਲ ਸੰਚਾਲਨ ਲਈ ਤਿੰਨ ਚੀਜ਼ਾਂ ਬੇਹੱਦ ਜ਼ਰੂਰੀ ਹਨ: ਪਹਿਲੀ, ਨਿਰਪੱਖ ਅਤੇ ਸਮੇਂ ਸਿਰ ਚੋਣਾਂ; ਦੂਜੀ, ਸੰਸਦ ਵਿੱਚ ਇੱਕ ਮਜ਼ਬੂਤ ਅਤੇ ਜ਼ਿੰਮੇਵਾਰ ਵਿਰੋਧੀ ਧਿਰ (Opposition) ਦਾ ਹੋਣਾ; ਅਤੇ ਤੀਜੀ, ਕਾਨੂੰਨ ਦਾ ਸ਼ਾਸਨ (Rule of Law)। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਦੇਸ਼ ਵਿੱਚ ਇੱਕ ਸ਼ਕਤੀਸ਼ਾਲੀ ਵਿਰੋਧੀ ਧਿਰ ਨਹੀਂ ਹੋਵੇਗੀ ਤਾਂ ਸੱਤਾਧਾਰੀ ਪਾਰਟੀ ਬਹੁਮਤ ਦੇ ਹੰਕਾਰ ਵਿੱਚ ਆ ਕੇ ਤਾਨਾਸ਼ਾਹ ਬਣ ਜਾਵੇਗੀ। ਵਿਰੋਧੀ ਧਿਰ ਦਾ ਕੰਮ ਸਿਰਫ਼ ਵਿਰੋਧ ਕਰਨਾ ਨਹੀਂ, ਸਗੋਂ ਸਰਕਾਰ ਨੂੰ ਜਨਤਾ ਪ੍ਰਤੀ ਜਵਾਬਦੇਹ ਬਣਾਉਣਾ ਹੈ। ਇਸ ਦੇ ਨਾਲ ਹੀ, 'ਕਾਨੂੰਨ ਦਾ ਸ਼ਾਸਨ' ਇਹ ਯਕੀਨੀ ਬਣਾਉਂਦਾ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਹੋਵੇ ਜਾਂ ਕੋਈ ਗਰੀਬ ਮਜ਼ਦੂਰ, ਸਭ ਕਾਨੂੰਨ ਦੀਆਂ ਨਜ਼ਰਾਂ ਵਿੱਚ ਬਰਾਬਰ ਹਨ ਅਤੇ ਕਿਸੇ ਨੂੰ ਵੀ ਵਿਸ਼ੇਸ਼ ਅਧਿਕਾਰ ਪ੍ਰਾਪਤ ਨਹੀਂ ਹਨ।

**ਰਾਜਨੀਤਿਕ ਬਨਾਮ ਸਮਾਜਿਕ ਲੋਕਤੰਤਰ; ਇੱਕ ਇਤਿਹਾਸਕ ਚੇਤਾਵਨੀ**: 25 ਨਵੰਬਰ 1949 ਨੂੰ ਸੰਵਿਧਾਨ ਸਭਾ ਵਿੱਚ ਦਿੱਤੇ ਆਪਣੇ ਆਖ਼ਰੀ ਭਾਸ਼ਣ ਵਿੱਚ ਡਾ. ਅੰਬੇਡਕਰ ਨੇ ਦੇਸ਼ ਨੂੰ ਇੱਕ ਅਜਿਹੀ ਚੇਤਾਵਨੀ ਦਿੱਤੀ ਸੀ, ਜੋ ਅੱਜ ਦੇ ਰਾਜਨੀਤਿਕ ਹਾਲਾਤ 'ਤੇ ਵੀ ਪੂਰੀ ਤਰ੍ਹਾਂ ਢੁਕਦੀ ਹੈ। ਉਨ੍ਹਾਂ ਕਿਹਾ ਸੀ ਕਿ 26 ਜਨਵਰੀ 1950 ਨੂੰ ਅਸੀਂ ਵਿਰੋਧਾਭਾਸਾਂ (Contradictions) ਨਾਲ ਭਰੇ ਜੀਵਨ ਵਿੱਚ ਕਦਮ ਰੱਖਣ ਜਾ ਰਹੇ ਹਾਂ। ਰਾਜਨੀਤੀ ਵਿੱਚ ਸਾਡੇ ਕੋਲ ਸਮਾਨਤਾ ਹੋਵੇਗੀ, ਕਿਉਂਕਿ ਹਰ ਵਿਅਕਤੀ ਨੂੰ 'ਇੱਕ ਵੋਟ ਅਤੇ ਇੱਕ ਮੁੱਲ' ਦਾ ਅਧਿਕਾਰ ਮਿਲੇਗਾ, ਪਰ ਸਾਡੇ ਸਮਾਜਿਕ ਅਤੇ ਆਰਥਿਕ ਜੀਵਨ ਵਿੱਚ ਡੂੰਘੀ ਅਸਮਾਨਤਾ ਕਾਇਮ ਰਹੇਗੀ।

ਉਨ੍ਹਾਂ ਚੇਤਾਵਨੀ ਦਿੱਤੀ ਸੀ ਕਿ ਜੇਕਰ ਅਸੀਂ ਇਸ ਸਮਾਜਿਕ ਅਤੇ ਆਰਥਿਕ ਅਸਮਾਨਤਾ ਨੂੰ ਜਲਦੀ ਤੋਂ ਜਲਦੀ ਖ਼ਤਮ ਨਾ ਕੀਤਾ ਤਾਂ ਜੋ ਲੋਕ ਇਸ ਨਾ-ਬਰਾਬਰੀ ਦਾ ਸ਼ਿਕਾਰ ਹਨ, ਉਹ ਇੱਕ ਦਿਨ ਇਸ ਰਾਜਨੀਤਿਕ ਲੋਕਤੰਤਰ ਦੇ ਉਸ ਸ਼ਾਨਦਾਰ ਢਾਂਚੇ ਨੂੰ ਤਬਾਹ ਕਰ ਦੇਣਗੇ, ਜਿਸ ਨੂੰ ਸੰਵਿਧਾਨ ਸਭਾ ਨੇ ਇੰਨੀ ਮਿਹਨਤ ਨਾਲ ਤਿਆਰ ਕੀਤਾ ਹੈ। ਉਨ੍ਹਾਂ ਦਾ ਪੱਕਾ ਵਿਸ਼ਵਾਸ ਸੀ ਕਿ ਰਾਜਨੀਤਿਕ ਲੋਕਤੰਤਰ ਉਦੋਂ ਤੱਕ ਸਥਿਰ ਨਹੀਂ ਰਹਿ ਸਕਦਾ, ਜਦੋਂ ਤੱਕ ਉਸ ਦਾ ਆਧਾਰ ਸਮਾਜਿਕ ਲੋਕਤੰਤਰ ਨਹੀਂ ਹੁੰਦਾ।

**ਮਹਿਲਾ ਸਸ਼ਕਤੀਕਰਨ ਅਤੇ ਹਿੰਦੂ ਕੋਡ ਬਿੱਲ ਲਈ ਤਿਆਗ**: ਡਾ. ਅੰਬੇਡਕਰ ਦੇ ਸੰਘਰਸ਼ ਨੂੰ ਅਕਸਰ ਸਿਰਫ਼ ਦਲਿਤਾਂ ਦੀ ਲੜਾਈ ਵਜੋਂ ਦੇਖਿਆ ਜਾਂਦਾ ਹੈ, ਜੋ ਕਿ ਉਨ੍ਹਾਂ ਦੀ ਬਹੁ-ਪੱਖੀ ਸੋਚ ਨਾਲ ਨਾਇਨਸਾਫ਼ੀ ਹੈ। ਉਹ ਸਮੁੱਚੀ ਮਨੁੱਖਤਾ, ਖ਼ਾਸ ਕਰਕੇ ਭਾਰਤੀ ਔਰਤਾਂ ਦੇ ਮੁਕਤੀਦਾਤਾ ਸਨ। ਉਨ੍ਹਾਂ ਦਾ ਪ੍ਰਸਿੱਧ ਕਥਨ ਹੈ ਕਿ ਉਹ ਕਿਸੇ ਵੀ ਸਮਾਜ ਦੀ ਤਰੱਕੀ ਦਾ ਅੰਦਾਜ਼ਾ ਉਸ ਸਮਾਜ ਦੀਆਂ ਔਰਤਾਂ ਦੀ ਤਰੱਕੀ ਤੋਂ ਲਗਾਉਂਦੇ ਹਨ। ਭਾਰਤੀ ਇਤਿਹਾਸ ਵਿੱਚ ਔਰਤਾਂ ਨੂੰ ਪੁਰਸ਼-ਪ੍ਰਧਾਨ ਸੋਚ ਅਤੇ ਰੂੜੀਵਾਦੀ ਕਾਨੂੰਨਾਂ ਕਾਰਨ ਹਮੇਸ਼ਾ ਪਿੱਛੇ ਰੱਖਿਆ ਗਿਆ ਸੀ। ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਵਜੋਂ ਉਨ੍ਹਾਂ ਨੇ 'ਹਿੰਦੂ ਕੋਡ ਬਿੱਲ' ਪੇਸ਼ ਕੀਤਾ, ਜੋ ਔਰਤਾਂ ਦੇ ਅਧਿਕਾਰਾਂ ਲਈ ਇੱਕ ਕਾਨੂੰਨੀ ਕ੍ਰਾਂਤੀ ਸੀ। ਇਸ ਬਿੱਲ ਰਾਹੀਂ ਉਹ ਔਰਤਾਂ ਨੂੰ ਪਿਤਾ ਦੀ ਜਾਇਦਾਦ ਵਿੱਚ ਬਰਾਬਰ ਦਾ ਹਿੱਸਾ ਦੇਣਾ, ਬਹੁ-ਵਿਆਹ ਪ੍ਰਥਾ 'ਤੇ ਰੋਕ ਲਗਾਉਣਾ, ਔਰਤਾਂ ਨੂੰ ਤਲਾਕ ਲੈਣ ਦਾ ਕਾਨੂੰਨੀ ਹੱਕ ਦੇਣਾ ਅਤੇ ਬੱਚਾ ਗੋਦ ਲੈਣ ਦੀ ਆਜ਼ਾਦੀ ਦਿਵਾਉਣਾ ਚਾਹੁੰਦੇ ਸਨ। ਪਰ ਅਫ਼ਸੋਸ ਦੀ ਗੱਲ ਹੈ ਕਿ ਉਸ ਸਮੇਂ ਦੇ ਕਈ ਕੱਟੜਪੰਥੀ ਅਤੇ ਰੂੜੀਵਾਦੀ ਸਿਆਸਤਦਾਨਾਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ। ਆਪਣੀਆਂ ਅੱਖਾਂ ਦੇ ਸਾਹਮਣੇ ਔਰਤਾਂ ਦੇ ਅਧਿਕਾਰਾਂ ਦਾ ਘਾਣ ਹੁੰਦਾ ਦੇਖ ਕੇ ਡਾ. ਅੰਬੇਡਕਰ ਨੇ ਦੇਸ਼ ਦੇ ਕਾਨੂੰਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਇਹ ਕਦਮ ਸਾਬਤ ਕਰਦਾ ਹੈ ਕਿ ਉਨ੍ਹਾਂ ਲਈ ਕੁਰਸੀ ਜਾਂ ਸੱਤਾ ਦਾ ਕੋਈ ਮੁੱਲ ਨਹੀਂ ਸੀ, ਸਗੋਂ ਮਨੁੱਖੀ ਅਧਿਕਾਰ ਅਤੇ ਸਮਾਨਤਾ ਦੇ ਸਿਧਾਂਤ ਸਭ ਤੋਂ ਉੱਪਰ ਸਨ।

**ਅਜੋਕੇ ਦੌਰ ਵਿੱਚ ਅੰਬੇਡਕਰ ਦੇ ਵਿਚਾਰਾਂ ਦੀ ਪ੍ਰਸੰਗਿਕਤਾ**: ਅੱਜ ਜਦੋਂ ਭਾਰਤ ਵਿਸ਼ਵ ਪੱਧਰ 'ਤੇ ਇੱਕ ਵੱਡੀ ਤਾਕਤ ਵਜੋਂ ਉੱਭਰ ਰਿਹਾ ਹੈ, ਉਦੋਂ ਡਾ. ਅੰਬੇਡਕਰ ਦੇ ਵਿਚਾਰ ਪਹਿਲਾਂ ਨਾਲੋਂ ਵੀ ਵੱਧ ਪ੍ਰਸੰਗਿਕ ਅਤੇ ਜ਼ਰੂਰੀ ਹੋ ਗਏ ਹਨ। ਅੱਜ ਸਾਡਾ ਦੇਸ਼ ਜਿਨ੍ਹਾਂ ਰਾਜਨੀਤਿਕ ਅਤੇ ਸਮਾਜਿਕ ਚੁਣੌਤੀਆਂ ਵਿੱਚੋਂ ਲੰਘ ਰਿਹਾ ਹੈ, ਉਨ੍ਹਾਂ ਦਾ ਹੱਲ ਅੰਬੇਡਕਰ ਦੀ ਸੋਚ ਵਿੱਚ ਹੀ ਛਿਪਿਆ ਹੋਇਆ ਹੈ। ਅੱਜ ਦੀ ਰਾਜਨੀਤੀ 'ਤੇ ਜੇਕਰ ਨਜ਼ਰ ਮਾਰੀਏ, ਤਾਂ ਚੋਣਾਂ ਅਕਸਰ ਜਾਤ, ਧਰਮ, ਖੇਤਰਵਾਦ ਅਤੇ ਲੋਕ-ਲੁਭਾਊ ਮੁਫ਼ਤ ਸਹੂਲਤਾਂ ਦੇ ਵਾਅਦਿਆਂ 'ਤੇ ਲੜੀਆਂ ਜਾਂਦੀਆਂ ਹਨ। ਸਿਆਸੀ ਪਾਰਟੀਆਂ ਜਨਤਾ ਦੇ ਅਸਲ ਮੁੱਦਿਆਂ ਜਿਵੇਂ ਕਿ ਸਿੱਖਿਆ, ਸਿਹਤ ਅਤੇ ਰੁਜ਼ਗਾਰ ਤੋਂ ਧਿਆਨ ਭਟਕਾ ਕੇ ਵੋਟ ਬੈਂਕ ਦੀ ਰਾਜਨੀਤੀ ਕਰਦੀਆਂ ਹਨ। ਡਾ. ਅੰਬੇਡਕਰ ਨੇ ਅਜਿਹੀ ਰਾਜਨੀਤੀ ਦੇ ਖਿਲਾਫ਼ ਸਖ਼ਤ ਚੇਤਾਵਨੀ ਦਿੱਤੀ ਸੀ। ਉਹ ਚਾਹੁੰਦੇ ਸਨ ਕਿ ਜਨਤਾ ਆਪਣੇ ਨੁਮਾਇੰਦਿਆਂ ਨੂੰ ਉਨ੍ਹਾਂ ਦੀ ਯੋਗਤਾ ਅਤੇ ਦੇਸ਼ ਹਿਤ ਦੇ ਕੰਮਾਂ ਦੇ ਆਧਾਰ 'ਤੇ ਚੁਣੇ, ਨਾ ਕਿ ਜਾਤੀਗਤ ਸਾਂਝ ਦੇ ਆਧਾਰ 'ਤੇ। ਇਸ ਤੋਂ ਇਲਾਵਾ ਅੱਜ ਦੇ ਦੌਰ ਵਿੱਚ ਸੰਸਦੀ ਬਹਿਸਾਂ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ। ਸੰਸਦ ਵਿੱਚ ਗੰਭੀਰ ਚਰਚਾ ਦੀ ਬਜਾਏ ਹੰਗਾਮੇ, ਬਾਈਕਾਟ ਅਤੇ ਇੱਕ-ਦੂਜੇ 'ਤੇ ਨਿੱਜੀ ਦੋਸ਼ ਲਗਾਉਣ ਦੀ ਪ੍ਰਵਿਰਤੀ ਵੱਧ ਗਈ ਹੈ। ਕਈ ਵਾਰ ਬਿਨਾਂ ਕਿਸੇ ਵਿਸਤ੍ਰਿਤ ਬਹਿਸ ਦੇ ਮਹੱਤਵਪੂਰਨ ਕਾਨੂੰਨ ਪਾਸ ਕਰ ਦਿੱਤੇ ਜਾਂਦੇ ਹਨ, ਜੋ ਲੋਕਤੰਤਰ ਦੀ ਆਤਮਾ ਦੇ ਖਿਲਾਫ਼ ਹੈ। ਅੰਬੇਡਕਰ ਜੀ ਅਨੁਸਾਰ ਸੰਸਦ ਦੇਸ਼ ਦੀ ਜਨਤਾ ਦੀ ਆਵਾਜ਼ ਹੁੰਦੀ ਹੈ, ਜਿੱਥੇ ਹਰ ਕਾਨੂੰਨ 'ਤੇ ਡੂੰਘਾ ਮੰਥਨ ਹੋਣਾ ਚਾਹੀਦਾ ਹੈ ਤਾਂ ਜੋ ਉਹ ਸਮਾਜ ਦੇ ਹਰ ਵਰਗ ਲਈ ਕਲਿਆਣਕਾਰੀ ਸਾਬਤ ਹੋ ਸਕੇ। ਸਿੱਖਿਆ ਦੇ ਖੇਤਰ ਵਿੱਚ ਵੀ ਉਨ੍ਹਾਂ ਦੇ ਵਿਚਾਰ ਬੇਹੱਦ ਮਹੱਤਵਪੂਰਨ ਹਨ।

**ਇੱਕ ਆਦਰਸ਼ ਭਾਰਤ ਦਾ ਸੰਕਲਪ**: ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਬਾਬਾਸਾਹਿਬ ਡਾ. ਭੀਮਰਾਓ ਅੰਬੇਡਕਰ ਸਿਰਫ਼ ਭੂਤਕਾਲ ਦੀ ਇੱਕ ਮਹਾਨ ਸ਼ਖ਼ਸੀਅਤ ਨਹੀਂ, ਸਗੋਂ ਉਹ ਵਰਤਮਾਨ ਅਤੇ ਭਵਿੱਖ ਦੇ ਭਾਰਤ ਲਈ ਇੱਕ ਚਾਨਣ-ਮੁਨਾਰਾ ਹਨ। ਉਨ੍ਹਾਂ ਦਾ ਜੀਵਨ ਸਾਨੂੰ ਇਹ ਸਿਖਾਉਂਦਾ ਹੈ ਕਿ ਕੋਈ ਵੀ ਮੁਸ਼ਕਲ, ਕੋਈ ਵੀ ਸਮਾਜਿਕ ਬੰਧਨ ਜਾਂ ਅਪਮਾਨ ਤੁਹਾਡੇ ਹੌਸਲੇ ਨੂੰ ਉਦੋਂ ਤੱਕ ਨਹੀਂ ਤੋੜ ਸਕਦਾ, ਜਦੋਂ ਤੱਕ ਤੁਹਾਡੇ ਅੰਦਰ ਗਿਆਨ ਦੀ ਤੜਪ ਅਤੇ ਸਮਾਜ ਨੂੰ ਬਦਲਣ ਦਾ ਜਜ਼ਬਾ ਮੌਜੂਦ ਹੈ। ਅੱਜ ਭਾਰਤ ਦੇ ਹਰ ਨਾਗਰਿਕ, ਬੁੱਧੀਜੀਵੀ ਅਤੇ ਰਾਜਨੇਤਾ ਦਾ ਇਹ ਨੈਤਿਕ ਫਰਜ਼ ਬਣਦਾ ਹੈ ਕਿ ਉਹ ਸੰਵਿਧਾਨ ਦੀ ਸਿਰਫ਼ ਕਿਤਾਬੀ ਪੂਜਾ ਨਾ ਕਰਨ, ਸਗੋਂ ਉਸ ਦੀ ਅਸਲ ਭਾਵਨਾ ਨੂੰ ਸਮਝਣ। ਸਾਨੂੰ ਇੱਕ ਅਜਿਹਾ ਦੇਸ਼ ਸਿਰਜਣਾ ਪਵੇਗਾ, ਜਿੱਥੇ ਜਾਤ, ਧਰਮ ਜਾਂ ਲਿੰਗ ਦੇ ਆਧਾਰ 'ਤੇ ਕੋਈ ਭੇਦਭਾਵ ਨਾ ਹੋਵੇ, ਜਿੱਥੇ ਹਰ ਔਰਤ ਆਪਣੇ ਆਪ ਨੂੰ ਸੁਰੱਖਿਅਤ ਅਤੇ ਸਮਰੱਥ ਮਹਿਸੂਸ ਕਰੇ ਅਤੇ ਜਿੱਥੇ ਸੰਸਦ ਦੇ ਅੰਦਰ ਜਨਤਾ ਦੇ ਹਿੱਤਾਂ ਦੀ ਸੱਚੀ ਪਹਿਰੇਦਾਰੀ ਹੋਵੇ। ਡਾ. ਅੰਬੇਡਕਰ ਦੇ ਸੁਪਨਿਆਂ ਦਾ ਭਾਰਤ ਉਦੋਂ ਹੀ ਬਣੇਗਾ ਜਦੋਂ ਦੇਸ਼ ਦਾ ਸਭ ਤੋਂ ਕਮਜ਼ੋਰ ਵਿਅਕਤੀ ਵੀ ਪੂਰੇ ਸਨਮਾਨ ਅਤੇ ਆਜ਼ਾਦੀ ਨਾਲ ਜੀ ਸਕੇਗਾ। ਉਨ੍ਹਾਂ ਦੀ ਸੋਚ ਅਤੇ ਦਰਸ਼ਨ ਸਦੀਆਂ ਤੱਕ ਮਨੁੱਖਤਾ ਅਤੇ ਭਾਰਤੀ ਲੋਕਤੰਤਰ ਦਾ ਮਾਰਗਦਰਸ਼ਨ ਕਰਦੇ ਰਹਿਣਗੇ।

# ਬ੍ਰਿਟਿਸ਼ ਕੋਲੰਬੀਆ ਦੇ ਵਿਧਾਇਕ ਖ਼ਿਲਾਫ਼ ਜਿਣਸੀ ਸੋਸ਼ਣ ਦੇ ਦੋਸ਼ਾਂ ਹੇਠ ਮਾਮਲਾ ਦਰਜ



ਵੈਨਕੂਵਰ, 7 ਜੂਨ (ਪ੍ਰਤੀਨਿਧੀ) : ਕੈਨੇਡਾ ਦੇ ਪੱਛਮ ਤੱਟੀ ਸੂਬੇ ਬ੍ਰਿਟਿਸ਼ ਕੋਲੰਬੀਆ ਦੀ ਪੁਲਿਸ ਨੇ ਉਥੋਂ ਦੇ ਵਿਧਾਇਕ ਜੋਰਡਨ ਕੈਲੀ ਉੱਤੇ ਜਿਨਸੀ ਸੋਸ਼ਣ ਦੇ ਦੋਸ਼ ਆਇਦ ਕੀਤੇ ਹਨ। ਉਸ ਦੀ ਅਦਾਲਤ ’ਚ ਪਹਿਲੀ ਪੇਸ਼ੀ 6 ਜੁਲਾਈ ਨਿਸ਼ਚਿਤ ਕੀਤੀ ਗਈ ਹੈ। ਦੋਸ਼ਾਂ ਬਾਰੇ ਕੋਈ ਟਿੱਪਣੀ ਤੋਂ ਬਚਣ ਲਈ ਕੈਲੀ ਕਿਸੇ ਨਾਲ ਵੀ ਗੱਲ ਕਰਨ ਤੋਂ ਕਿਨਾਰਾ ਕੀਤਾ। ਉਸਦਾ ਕਹਿਣਾ ਹੈ ਕਿ ਦੋਸ਼ ਗਲਤ ਹਨ ਤੇ ਉਹ ਇਸਦਾ ਸਾਹਮਣਾ ਕਰੇਗਾ।

ਬ੍ਰਿਟਿਸ਼ ਕੋਲੰਬੀਆ ਇਸਤਗਾਸਾ ਸੇਵਾਵਾਂ ਨੇ ਵੀਰਵਾਰ ਨੂੰ ਮੀਡੀਆ ਲਈ ਜਾਰੀ ਕੀਤੇ ਪੱਤਰ ਰਾਹੀਂ ਪੀੜਤਾ ਦੀ ਪਹਿਚਾਣ ਛੁਪਾਉਂਦੇਹੋਏ ਦੱਸਿਆ ਕਿ ਸਾਲ 2024 ’ਚ ਜਦ ਕੈਲੀ ਫੋਰਟ ਸੇਂਟ ਜੌਹਨ ‘ਚ ਰਹਿੰਦਾ ਸੀ ਤਾਂ ਉਸੇ ਸਾਲ ਦੇ ਪਹਿਲੇ 9 ਮਹੀਨਿਆਂ ’ਚ ਉਸ ਵਲੋਂ ਕੀਤੇ ਸ਼ੋਸ਼ਣ ਦੇ ਦੋਸ਼ਾਂ ਦੀ ਜਾਂਚ ਇਸ ਸਾਲ ਫਰਵਰੀ ਤੋਂ ਇੱਕ ਵਿਸ਼ੇਸ਼ ਵਕੀਲ ਦੀ ਅਗਵਾਈ ’ਚ ਕਰਾਈ ਗਈ ਤੇ ਦੋਸ਼ ਸਹੀ ਸਾਬਤ ਹੋਣ ਤੋਂ ਬਾਅਦ ਮਾਮਲਾ ਦਰਜ ਕੀਤਾ ਗਿਆ ਹੈ।


ਉਸੇ ਸਾਲ (ਅਕਤੂਬਰ 2024) ਹੋਈਆਂ ਵਿਧਾਨ ਸਭਾ ਚੋਣਾਂ ਮੌਕੇ ਜੌਰਡਨ ਕੈਲੀ ਨੇ ਪੀਸ ਰਿਵਰ ਉੱਤਰੀ ਹਲਕੇ ਤੋਂ ਬੀਸੀ ਕੰਜਰਵੇਟਿਵ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਜਿੱਤੀ ਸੀ। ਵਿਸ਼ੇਸ਼ ਜਾਂਚ ਟੀਮ ਤੋਂ ਪਹਿਲਾਂ ਪ੍ਰਿਸ ਜੌਰਜ ਰਾਇਲ ਕੈਨੇਡੀਅਨ ਮਾਉਂਟਿਡਪੁਲਿਸ ਨੇ ਵੀ ਜਾਂਚ ਕਰਕੇ ਪੀੜਤਾ ਦੇ ਦੋਸ਼ ਸੱਚ ਹੋਣ ਬਾਰੇ ਰਿਪੋਰਟ ਦਿੱਤੀ ਸੀ। ਇਸਤਗਾਸਾ ਸੇਵਾ ਨੇ ਦੋਸ਼ਾਂ ਬਾਰੇ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਮਾਮਲਾ ਹੁਣ ਅਦਾਲਤ ’ਚ ਜਾ ਚੁੱਕਾ ਹੈ, ਇਸ ਲਈ ਉਸ ਵਲੋਂ ਇਸ ’ਤੇ ਟਿੱਪਣੀ ਕਰਨਾ ਵਾਜਬ ਨਹੀਂ ਹੋਏਗਾ।

ਗੌਰਤਲਬ ਹੈ ਕਿ ਕੈਲੀ ਨੇ ਪਿਛਲੇ ਸਾਲ ਆਪਣੀ ਪਾਰਟੀ ਛੱਡ ਕੇ ਆਜ਼ਾਦ ਵਿਧਾਇਕ ਵਜੋਂ ਵਿਚਰ ਰਿਹਾ ਹੈ। ਜੌਰਡਨ ਕੈਲੀ ਦੂਜਾ ਵਿਧਾਇਕ ਹੈ, ਜਿਸ ਨੂੰ ਇਸ ਤਰ੍ਹਾਂ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਪਹਿਲਾਂ ਉਸੇ ਪਾਰਟੀ ਦੇ ਰਿਚਮੰਡ ਸੈਂਟਰ ਹਲਕੇ ਦਾ ਸਾਬਕਾ ਵਿਧਾਇਕ ਹੈਨ ਚੈਨ ਹਿੰਸਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ। ਇਸੇ ਸਾਲ ਮਾਰਚ ਮਹੀਨੇ ਚੈਨ ਉੱਤੇ ਆਪਣੀ ਪ੍ਰੇਮਿਕਾ ਦੀ ਕੁੱਟਮਾਰ ਦੇ ਦੋਸ਼ ਲੱਗੇ ਸਨ। ਉਸਨੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਵਿਧਾਇਕ ਵਜੋਂ ਅਸਤੀਫੇ ਤੋਂ ਨਾਂਹ ਕੀਤੀ ਸੀ, ਪਰ ਪਾਰਟੀ ਵਲੋਂ ਉਸ ਨੂੰ ਬ੍ਰਤਰਫ ਕਰ ਦਿੱਤਾ ਗਿਆ।

# ਨਿਊ ਵਰਲਡ ਸਕਰੂਵਰਮ ਦੇ ਖ਼ਤਰੇ ’ਤੇ ਕੈਨੇਡਾ ਦਾ ਸਖ਼ਤ ਰੁਖ਼

ਵਿਨੀਪੈੱਗ, 7 ਜੂਨ (ਪ੍ਰਤੀਨਿਧੀ) : ਸੰਯੁਕਤ ਰਾਜ ਅਮਰੀਕਾ ਵੱਲੋਂ ਦਹਾਕਿਆਂ ਬਾਅਦ ਪਸ਼ੂਆਂ ਵਿੱਚ ਨਵੀਂ ਵਰਲਡ ਸਕਰੂਵਰਮ ਦਾ ਪਹਿਲਾ ਕੇਸ ਪੁਸ਼ਟੀ ਕਰਨ ਤੋਂ ਬਾਅਦ, ਕੈਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ (ਸੀਐਫਆਈਏ) ਨੇ ਨਿਊ ਵਰਲਡ ਸਕਰੂਵਰਮ ਨਾਂ ਦੇ ਖ਼ਤਰਨਾਕ ਪਰਜੀਵੀ ਦੇ ਉੱਤਰੀ ਅਮਰੀਕਾ ਵਿੱਚ ਵਧ ਰਹੇ ਖ਼ਤਰੇ ਨੂੰ ਦੇਖਦਿਆਂ ਦੇਸ਼ ਦੇ ਪਸ਼ੂ-ਧਨ ਦੀ ਸੁਰੱਖਿਆ ਲਈ ਨਵੇਂ ਰੋਗ-ਨਿਯੰਤਰਨ ਉਪਾਅ ਲਾਗੂ ਕਰਨ ਦਾ ਐਲਾਨ ਕੀਤਾ ਹੈ। ਸੀਐਫਆਈਏ ਨੇ ਦੱਸਿਆ ਕਿ ਕੈਨੇਡਾ ਵਿੱਚ ਮਨੁੱਖਾਂ ਜਾਂ ਪਸ਼ੂਆਂ ਵਿੱਚ ਸਕਰੂਵਰਮ ਦੇ ਕਿਸੇ ਵੀ ਤਾਜ਼ਾ ਕੇਸ ਦੀ ਜਾਣਕਾਰੀ ਨਹੀਂ ਮਿਲੀ।

ਟੋਰਾਂਟੋ ਜਨਰਲ ਹਸਪਤਾਲ ਦੇ ਇਨਫੈਕਸ਼ਨ ਡਿਜ਼ੀਜ਼ ਵਿਸ਼ੇਸ਼ਕ ਡਾ. ਆਇਜ਼ੈਕ ਬੋਗੋਚ ਦੇ ਅਨੁਸਾਰ ਕੈਨੇਡਾ ਵਿੱਚ ਕਦੇ-ਕਦੇ ਯਾਤਰੀਆਂ ਜਾਂ ਪਸ਼ੂਆਂ ਦੇ ਵਪਾਰ ਰਾਹੀਂ ਕੇਸ ਸਾਹਮਣੇ ਆ ਸਕਦੇ ਹਨ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਅਜਿਹੇ ਕੇਸਾਂ ਦੀ ਤੁਰੰਤ ਪਛਾਣ ਅਤੇ ਖ਼ਾਤਮਾ ਲਾਜ਼ਮੀ ਹੈ ਤਾਂ ਜੋ ਇਹ ਰੋਗ ਫੈਲ ਨਾ ਸਕਣ। ਟੈਕਸਾਸ ਜਾਣ ਵਾਲੇ ਕੈਨੇਡੀਅਨ ਯਾਤਰੀਆਂ ਨੂੰ ਆਪਣੇ ਪਾਲਤੂ ਜਾਨਵਰਾਂ ਦੀ ਨਿਯਮਿਤ ਜਾਂਚ ਕਰਨ ਦੀ ਸਲਾਹ ਦਿੱਤੀ ਗਈ ਹੈ।




ਸੀਐੱਫਆਈਏ ਅਨੁਸਾਰ ਨਿਊ ਵਰਲਡ ਸਕਰੂਵਰਮ ਇੱਕ ਪਰਜੀਵੀ ਮੱਖੀ ਦਾ ਲਾਰਵਾ ਹੁੰਦਾ ਹੈ ਜੋ ਪਸ਼ੂਆਂ ਜਾਂ ਹੋਰ ਜੀਵਾਂ ਦੇ ਜ਼ਖ਼ਮਾਂ ਵਿੱਚ ਦਾਖ਼ਲ ਹੋ ਕੇ ਜੀਵਤ ਟਿਸ਼ੂ ਨੂੰ ਨੁਕਸਾਨ ਪਹੁੰਚਾਉਂਦਾਹੈ। ਇਸ ਕਾਰਨ ਪ੍ਰਭਾਵਿਤ ਜਾਨਵਰਾਂ ਨੂੰ ਗੰਭੀਰ ਸਰੀਰਕ ਨੁਕਸਾਨ ਹੋ ਸਕਦਾ ਹੈ ਅਤੇ ਇਲਾਜ ਨਾ ਹੋਣ ਦੀ ਸੂਰਤ ਵਿੱਚ ਮੌਤ ਵੀ ਹੋ ਸਕਦੀ ਹੈ। ਇਹ ਕੀੜਾ ਪਸ਼ੂਆਂ, ਪਾਲਤੂ ਜਾਨਵਰਾਂ, ਜੰਗਲੀ ਜੀਵਾਂ ਅਤੇ ਕਦੇ-ਕਦੇ ਮਨੁੱਖਾਂ ਅਤੇ ਪੰਛੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਏਜੰਸੀ ਨੇ ਕਿਹਾ ਕਿ ਹਾਲੀਆ ਮਹੀਨਿਆਂ ਦੌਰਾਨ ਮੈਕਸੀਕੋ ਵਿੱਚ ਇਸ ਪਰਜੀਵੀ ਦੇ ਮਾਮਲੇ ਸਾਹਮਣੇ ਆਏ ਹਨ, ਜਿਸ ਕਾਰਨ ਕੈਨੇਡਾ ਨੇ ਸਾਵਧਾਨੀ ਵਜੋਂ ਵਾਧੂ ਕਦਮ ਚੁੱਕੇ ਹਨ। ਨਵੇਂ ਉਪਾਇਆ ਤਹਿਤ ਕੁਝ ਪ੍ਰਭਾਵਿਤ ਖੇਤਰਾਂ ਤੋਂ ਜਿੰਦੇ ਪਸ਼ੂਆਂ ਦੀ ਦਰਾਮਦ ਉੱਤੇ ਪਾਬੰਦੀਆਂ ਲਗਾਈਆਂ ਗਈਆਂ ਹਨ ਅਤੇ ਸਰਹੱਦੀ ਨਿਗਰਾਨੀ ਨੂੰ ਹੋਰ ਸਖ਼ਤ ਕੀਤਾ ਗਿਆ ਹੈ। ਉਹ ਜਾਨਵਰ ਜੋ ਸਰਹੱਦ ਪਾਰ ਕਰਨ ਤੋਂ ਪਹਿਲਾਂ 21 ਦਿਨਾਂ ਦੇ ਅੰਦਰ ਟੈਕਸਾਸ ਰਾਜ ਤੋਂ ਆਏ ਹਨ ਜਾਂ ਉਸ ਥਾਂ ਤੇ ਮੌਜੂਦ ਸਨ, ਉਨ੍ਹਾਂ ਨੂੰ ਕੈਨੇਡਾ ਵਿੱਚ ਸਵੀਕਾਰ ਨਹੀਂ ਕੀਤਾ ਜਾਵੇਗਾ।

ਕਈ ਯੂ ਐੱਸ ਰਾਜਾਂ ਨੇ ਵੀ ਇਸ ਦੇ ਫੈਲਣ ਦੇ ਜੋਖ਼ਮ ਨੂੰ ਘਟਾਉਣ ਲਈ ਸਾਵਧਾਨੀ ਵਰਤੀਆਂ ਹਨ। ਸੀਐਫਆਈਏ ਵਿਕਾਸ ਦਾ ਮੁਲਾਂਕਣ ਕਰਨ ਅਤੇ ਲੋੜ ਅਨੁਸਾਰ ਉਪਾਵਾਂ ਨੂੰ ਵਿਵਸਥਿਤ ਕਰਨ ਲਈ ਅਮਰੀਕੀ ਹਮਰੁਤਬਾ ਨਾਲ ਨੇੜਿਓਂ ਕੰਮ ਕਰਨਾ ਜਾਰੀ ਰੱਖੇਗਾ।

ਸੀ ਐਫ ਆਈ ਏ ਨੇ ਪਸ਼ੂ ਪਾਲਕਾਂ, ਪਸ਼ੂ-ਚਿਕਿਤਸਕ ਅਤੇ ਖੇਤੀਬਾੜੀ ਨਾਲ ਜੁੜੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਸ਼ੂਆਂ ਦੇ ਜ਼ਖ਼ਮਾਂ ਦੀ ਨਿਯਮਤ ਜਾਂਚ ਕਰਨ ਅਤੇ ਕਿਸੇ ਵੀ ਸ਼ੱਕੀ ਲੱਛਣ ਦੀ ਤੁਰੰਤ ਸੂਚਨਾ ਅਧਿਕਾਰੀਆਂ ਨੂੰ ਦੇਣ। ਏਜੰਸੀ ਦਾ ਕਹਿਣਾ ਹੈ ਕਿ ਰੋਗ ਦੀ ਸ਼ੁਰੂਆਤੀ ਪਛਾਣ ਅਤੇ ਤੁਰੰਤ ਕਾਰਵਾਈ ਇਸ ਦੇ ਫੈਲਾਅ ਨੂੰ ਰੋਕਣ ਲਈ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।

ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਇਸ ਵੇਲੇ ਕੈਨੇਡਾ ਵਿੱਚ ਨਿਊ ਵਰਲਡ ਸਕਰੂਵਰਮ ਦਾ ਕੋਈ ਪੁਸ਼ਟੀਸ਼ੁਦਾ ਮਾਮਲਾ ਸਾਹਮਣੇ ਨਹੀਂ ਆਇਆ, ਪਰ ਦੇਸ਼ ਦੇ ਪਸ਼ੂ-ਧਨ ਉਦਯੋਗ ਨੂੰ ਸੰਭਾਵਿਤ ਖ਼ਤਰੇ ਤੋਂ ਬਚਾਉਣ ਲਈ ਪਹਿਲਾਂ ਹੀ ਸਖ਼ਤ ਰੋਕਥਾਮ ਉਪਾਅ ਅਪਣਾਏ ਜਾ ਰਹੇ ਹਨ। ਸੀਐਫਆਈਏ ਨੇ ਕਿਹਾ ਕਿ ਜੇ ਪਸ਼ੂ-ਮਾਲਕਾਂ ਨੂੰ ਸ਼ੱਕ ਹੋਵੇ, ਤਾਂ ਉਹ ਤੁਰੰਤ ਵੈਟਰਨਰੀ ਡਾਕਟਰ ਨਾਲ ਸੰਪਰਕ ਕਰਨ, ਜੋ ਲੈਬ ਟੈੱਸਟ ਰਾਹੀਂ ਇਸ ਦੀ ਪੁਸ਼ਟੀ ਕਰ ਸਕਦੇ ਹਨ। ਲੈਬਾਰਟਰੀਆਂ ਲਈ ਵੀ ਕਿਸੇ ਵੀ ਸੰਭਾਵੀ ਕੇਸ ਦੀ ਤੁਰੰਤ ਸੂਚਨਾ ਦੇਣਾ ਲਾਜ਼ਮੀ ਹੈ।

ਸੀਐਫਆਈਏ ਨੇ ਕਿਹਾ ਕਿ ਉਹ ਸੂਬਾਈ ਸਰਕਾਰਾਂ, ਪਸ਼ੂ ਉਦਯੋਗ ਨਾਲ ਸਬੰਧਿਤ ਸੰਸਥਾਵਾਂ ਅਤੇ ਅੰਤਰਰਾਸ਼ਟਰੀ ਭਾਈ ਵਾਲਾਂ ਨਾਲ ਮਿਲ ਕੇ ਸਥਿਤੀ ’ਤੇ ਲਗਾਤਾਰ ਨਜ਼ਰ ਰੱਖ ਰਹੀ ਹੈ। ਅਮਰੀਕੀ ਖੇਤੀਬਾੜੀ ਸਕੱਤਰ ਬਰੂਕ ਰੋਲਿਨਜ਼ ਨੇ ਕਿਹਾ ਕਿ ਮੱਖੀ ਹੋਰ ਕਿਤੇ ਨਹੀਂ ਮਿਲੀ ਅਤੇ ਮਨੁੱਖੀ ਸਿਹਤ ਲਈ ਖ਼ਤਰਾ ਬਹੁਤ ਘੱਟ ਹੈ। ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਲਾਰਵਾ ਖਾਣ-ਪੀਣ ਦੀਆਂ ਚੀਜ਼ਾਂ ਨੂੰ ਪ੍ਰਭਾਵਿਤ ਨਹੀਂ ਕਰਦੇ, ਪਰ ਪਸ਼ੂਆਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

# ਇਟਲੀ ’ਚ ਵੱਡਾ ਸੰਕਟ; 18,000 ਦੇ ਕਰੀਬ ਬੱਚੇ ਹੋਏ ਲਾਪਤਾ! ਵਿਦੇਸ਼ੀ ਬੱਚਿਆਂ ਦੀ ਗਿਣਤੀ ਸਭ ਤੋਂ ਵੱਧ

ਮਿਲਾਨ, 7 ਜੂਨ (ਪ੍ਰਤੀਨਿਧੀ) : ਇਟਲੀ ਵਿੱਚ ਬੱਚਿਆਂ ਅਤੇ ਨਾਬਾਲਗਾਂ ਦੇ ਲਾਪਤਾ ਹੋਣ ਦਾ ਮਾਮਲਾ ਇੱਕ ਬੇਹੱਦ ਗੰਭੀਰ ਅਤੇ ਚਿੰਤਾਜਨਕ ਰੂਪ ਧਾਰਨ ਕਰ ਗਿਆ ਹੈ। ਤਾਜ਼ਾ ਜਨਤਕ ਹੋਏ ਸਰਕਾਰੀ ਅੰਕੜਿਆਂ ਮੁਤਾਬਕ ਸਾਲ 2025 ਦੌਰਾਨ ਇਟਲੀ ਦੇ ਵੱਖ-ਵੱਖ ਸ਼ਹਿਰਾਂ ਵਿੱਚੋਂ ਲੱਗਭਗ 18,000 (17,942) ਬੱਚਿਆਂ ਅਤੇ ਨਾਬਾਲਗਾਂ ਦੇ ਲਾਪਤਾ ਹੋਣ ਦੀਆਂ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ। ਇਹ ਅੰਕੜਾ ਦੇਸ਼ ਵਿੱਚ ਕੁੱਲ ਲਾਪਤਾ ਹੋਏ ਲੋਕਾਂ ਦੀ ਗਿਣਤੀ ਦਾ ਲਗਭਗ 70 ਫ਼ੀਸਦੀ ਤੋਂ ਵਧੇਰੇ ਬਣਦਾ ਹੈ।

**ਵਿਦੇਸ਼ੀ ਅਤੇ ਪ੍ਰਵਾਸੀ ਬੱਚੇ ਸਭ ਤੋਂ ਵੱਧ ਪ੍ਰਭਾਵਿਤ**



ਇਸ ਰਿਪੋਰਟ ਵਿੱਚ ਸਭ ਤੋਂ ਪ੍ਰੇਸ਼ਾਨ ਕਰਨ ਵਾਲਾ ਤੱਥ ਇਹ ਸਾਹਮਣੇ ਆਇਆ ਹੈ ਕਿ ਲਾਪਤਾ ਹੋਣ ਵਾਲੇ ਬੱਚਿਆਂ ਵਿੱਚ ਵੱਡੀ ਗਿਣਤੀ ਵਿਦੇਸ਼ੀ ਮੂਲ ਦੇ ਬੱਚਿਆਂ ਦੀ ਹੈ। ਕੁੱਲ ਸ਼ਿਕਾਇਤਾਂ ਵਿੱਚੋਂ 72% ਤੋਂ ਵੱਧ (ਲੱਗਭਗ 12,959) ਬੱਚੇ ਗੈਰ-ਇਟਾਲੀਅਨ ਹਨ, ਜਿਨ੍ਹਾਂ ਵਿੱਚੋਂ ਬਹੁਤੇ ਬਿਨਾਂ ਮਾਪਿਆਂ ਦੇ ਇਕੱਲੇ ਇਟਲੀ ਪਹੁੰਚੇ ਪ੍ਰਵਾਸੀ ਨਾਬਾਲਗ ਹਨ। ਰਿਪੋਰਟ ਅਨੁਸਾਰ ਜਿੱਥੇ ਲਾਪਤਾ ਹੋਏ ਇਟਾਲੀਅਨ ਬੱਚਿਆਂ ਨੂੰ ਲੱਭਣ ਦੀ ਦਰ ਲੱਗਭਗ 78 ਫ਼ੀਸਦੀ ਹੈ, ਉੱਥੇ ਹੀ ਦੂਜੇ ਪਾਸੇ ਪਰਿਵਾਰਕ ਸਹਾਰੇ ਦੀ ਘਾਟ, ਭਾਸ਼ਾ ਦੀ ਸਮੱਸਿਆ ਅਤੇ ਪੱਕੇ ਦਸਤਾਵੇਜ਼ ਨਾ ਹੋਣ ਕਾਰਨ ਵਿਦੇਸ਼ੀ ਬੱਚਿਆਂ ਦੇ ਮਿਲਣ ਦੀ ਦਰ ਸਿਰਫ਼ 40 ਫ਼ੀਸਦੀ ਦੇ ਆਸ-ਪਾਸ ਰਹਿ ਗਈ ਹੈ। ਜਾਂ ਕਹਿ ਲਓ ਪੁਲੀਸ ਪ੍ਰਸ਼ਾਸ਼ਨ ਵਿਦੇਸ਼ੀ ਬੱਚਿਆਂ ਦੀ ਭਾਲ ਵਿੱਚ ਵੀ ਭੇਦ ਭਾਵ ਕਰ ਰਹੀ ਹੈ ਜਾਂ ਕਹਿ ਸਕਦੇ ਹਾ ਕਿ ਲਾਪਤਾ ਹੋਏ ਵਿਦੇਸ਼ੀ ਬੱਚਿਆਂ ਵਿੱਚੋਂ ਲੱਗਭਗ 60% ਬੱਚਿਆਂ ਦਾ ਕੋਈ ਸੁਰਾਗ ਹੀ ਨਹੀਂ ਮਿਲ ਸਕਿਆ।

ਮਾਹਿਰਾਂ ਅਤੇ ਸਮਾਜਿਕ ਸੰਸਥਾਵਾਂ ਦਾ ਕਹਿਣਾ ਹੈ ਕਿ ਬੱਚਿਆਂ ਦੇ ਲਾਪਤਾ ਹੋਣ ਪਿੱਛੇ ਕਈ ਕਾਰਨ ਹਨ, ਜਿਵੇਂ ਕਿ ਘਰਾਂ ਜਾਂ ਬਾਲ-ਸੰਭਾਲ ਕੇਂਦਰਾਂ ਤੋਂ ਆਪਣੀ ਮਰਜ਼ੀ ਨਾਲ ਭੱਜ ਜਾਣਾ ਜਾਂ ਫ਼ਿਰ ਪ੍ਰਵਾਸ ਦੌਰਾਨ ਰਸਤੇ ਵਿੱਚ ਹੀ ਪਰਿਵਾਰਾਂ ਨਾਲੋਂ ਵਿੱਛੜ ਜਾਣਾ ਵੀ ਹੋ ਸਕਦਾ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਰਾਹੀਂ ਕਈ ਬੱਚੇ ਬਲੈਕਮੇਲਿੰਗ ਦਾ ਸ਼ਿਕਾਰ ਵੀ ਹੋ ਰਹੇ ਹਨ। ਮਨੁੱਖੀ ਤਸਕਰੀ, ਜਿੱਥੇ ਬੱਚਿਆਂ ਨੂੰ ਜ਼ਬਰਨ ਮਜ਼ਦੂਰੀ ਵਲ ਧੱਕ ਰਹੀ ਹੈ ਉੱਥੋਂ ਨਾਬਾਲਗ ਕੁੜੀਆਂ ਨੂੰ ਜਿਸਮ ਫ਼ਰੋਸ਼ੀ ਅਤੇ ਹੋਰ ਗਲਤ ਧੰਦਿਆਂ ਵਿੱਚ ਧੱਕਿਆ ਜਾ ਰਿਹਾ ਹੈ। ਸਮਾਜ ਸੇਵੀ ਸੰਸਥਾਵਾਂ ਨੇ ਸਰਕਾਰ ਅਤੇ ਪੁਲੀਸ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਲਾਪਤਾ ਬੱਚਿਆਂ ਨੂੰ ਲੱਭਣ ਅਤੇ ਇਸ ਸੰਕਟ ਨੂੰ ਰੋਕਣ ਲਈ ਸਖ਼ਤ ਅਤੇ ਤੁਰੰਤ ਕਦਮ ਚੁੱਕੇ ਜਾਣ। ਅਜਿਹੇ ਵਿੱਚ ਇਟਲੀ ਅਤੇ ਯੂਰਪ ਦੇ ਦੂਜੇ ਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦਾ ਖ਼ਾਸ ਧਿਆਨ ਰੱਖਣ ਅਤੇ ਸਕੂਲ ਵਿੱਚ ਆਪ ਛੱਡਣ ਅਤੇ ਲੈ ਕੇ ਆਉਣ ਦੀ ਆਦਤ ਪਾਉਣ। ਪਾਰਕਾਂ ਆਦਿ ਵਿੱਚ ਖੇਡਦੇ ਸਮੇਂ ਬੱਚਿਆਂ ਦਾ ਖਾਸ ਧਿਆਨ ਰੱਖਣ।

# ਬੰਗਲਾਦੇਸ਼ ਦੇ ਚਿੜੀਆਘਰ ’ਚ 700 ਕਿਲੋ ਦੇ ‘ਡੋਨਾਲਡ ਟਰੰਪ’ ਨੂੰ ਦੇਖਣ ਲਈ ਉਮੜੀ ਭੀੜ

ਢਾਕਾ, 7 ਜੂਨ (ਪ੍ਰਤੀਨਿਧੀ) : ਬੰਗਲਾਦੇਸ਼ ਦੇ ਰਾਸ਼ਟਰੀ ਚਿੜੀਆਘਰ ਵਿੱਚ ਇਨ੍ਹੀਂ ਦਿਨੀਂ ਇੱਕ ਅਜਿਹਾ ਮਹਿਮਾਨ ਆਇਆ ਹੈ, ਜਿਸ ਨੂੰ ਦੇਖਣ ਲਈ ਪੂਰੇ ਦੇਸ਼ ਤੋਂ ਲੋਕਾਂ ਦਾ ਹੜ੍ਹ ਉਮੜ ਰਿਹਾ ਹੈ। ਇਹ ਕੋਈ ਸਿਆਸੀ ਨੇਤਾ ਨਹੀਂ, ਸਗੋਂ 700 ਕਿਲੋ ਵਜ਼ਨੀ ਇੱਕ ਦੁਰਲੱਭ ‘ਐਲਬਿਨੋ’ ਝੋਟਾ ਹੈ, ਜਿਸ ਦਾ ਨਾਂ ‘ਡੋਨਾਲਡ ਟਰੰਪ’ ਰੱਖਿਆ ਗਿਆ ਹੈ। ਇਸ ਪਸ਼ੂ ਦੇ ਚਰਚਾ ਵਿੱਚ ਆਉਣ ਦਾ ਕਾਰਨ ਇਸ ਦੇ ਸਿਰ ’ਤੇ ਮੌਜੂਦ ਸੁਨਹਿਰੀ ਵਾਲਾਂ ਦਾ ਗੁੱਛਾ ਹੈ। ਇੱਕ ਕਿਸਾਨ ਨੇ ਨੋਟ ਕੀਤਾ ਕਿ ਇਸ ਝੋਟੇ ਦੇ ਵਾਲਾਂ ਦਾ ਸਟਾਈਲ ਬਿਲਕੁੱਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਾਲਾਂ ਵਰਗਾ ਦਿਖਾਈ ਦਿੰਦਾ ਹੈ। ਸੋਸ਼ਲ ਮੀਡੀਆ ’ਤੇ ਇਸ ਦੇ ਹਲਕੇ ਰੰਗ ਅਤੇ ਅਨੋਖੀ ਦਿੱਖ ਵਾਲੀ ਵੀਡੀਓ ਵਾਇਰਲ ਹੋਣ ਤੋਂ ਬਾਅਦ, ਢਾਕਾ ਦੇ ਬਾਹਰੀ ਇਲਾਕੇ ਵਿੱਚ ਸਥਿਤ ਤਬੇਲੇ ਵਿੱਚ ਲੋਕਾਂ ਦੀ ਭੀੜ ਜਮ੍ਹਾਂ ਹੋ ਗਈ।



ਜਾਣਕਾਰੀ ਅਨੁਸਾਰ ਇਸ ਝੋਟੇ ਨੂੰ ਪਹਿਲਾਂ ਈਦ-ਉਲ-ਅਜ਼ਹਾ ਦੇ ਮੌਕੇ ’ਤੇ ‘ਕੁਰਬਾਨੀ’ ਲਈ ਤਿਆਰ ਕੀਤਾ ਗਿਆ ਸੀ। ਪਰ ਇਸ ਦੀ ਵਧਦੀ ਲੋਕਪ੍ਰਿਯਤਾ ਅਤੇ ਸੁਰੱਖਿਆ ਕਾਰਨਾਂ ਨੂੰ ਦੇਖਦੇ ਹੋਏ ਸਰਕਾਰ ਨੇ ਇਸ ਨੂੰ ਕੁਰਬਾਨੀ ਦੀ ਬਜਾਏ ਰਾਸ਼ਟਰੀ ਚਿੜੀਆਘਰ ਵਿੱਚ ਭੇਜਣ ਦਾ ਫ਼ੈਸਲਾ ਕੀਤਾ। ਭਿਆਨਕ ਗਰਮੀ ਦੇ ਬਾਵਜੂਦ, ਚਿੜੀਆਘਰ ਵਿੱਚ ਲੋਕਾਂ ਦੀ ਭਾਰੀ ਭੀੜ ਦੇਖੀ ਗਈ।

ਲੋਕ ਆਪਣੇ ਛੋਟੇ ਬੱਚਿਆਂ ਨੂੰ ਮੋਢਿਆਂ ’ਤੇ ਚੁੱਕ ਕੇ ਇਸ ਅਨੋਖੇ ‘ਡੋਨਾਲਡ ਟਰੰਪ’ ਦੀ ਇੱਕ ਝਲਕ ਪਾਉਣ ਅਤੇ ਆਪਣੇ ਮੋਬਾਇਲ ਫ਼ੋਨਾਂ ਵਿੱਚ ਵੀਡੀਓ ਬਣਾਉਣ ਲਈ ਉਤਾਵਲੇ ਦਿਖਾਈ ਦਿੱਤੇ।

# ਕੈਨੇਡਾ ’ਚ ਛਾਇਆ ‘ਰੀ-ਬਰਥਡੇਅ’ ਦਾ ਅਨੋਖਾ ਟਰੈਂਡ! ਲੋਕਾਂ ਨੇ ਬਦਲ ਲਿਆ ਆਪਣਾ ਹੀ ਜਨਮ ਦਿਨ

ਟੋਰਾਂਟੋ, 7 ਜੂਨ (ਪ੍ਰਤੀਨਿਧੀ) : ਕੈਨੇਡਾ ਵਿੱਚ ਇਨ੍ਹੀਂ ਦਿਨੀਂ ‘ਰੀ-ਬਰਥਡੇ’ ਦਾ ਇੱਕ ਨਵਾਂ ਅਤੇ ਬੇਹੱਦ ਦਿਲਚਸਪ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਇਸ ਟਰੈਂਡ ਤਹਿਤ ਲੋਕ ਆਪਣੀ ਅਸਲੀ ਜਨਮ ਮਿਤੀ ਤੋਂ ਇਲਾਵਾ ਆਪਣੀ ਪਸੰਦ ਦਾ ਇੱਕ ਨਵਾਂ ਦਿਨ ਚੁਣ ਰਹੇ ਹਨ, ਜਿਸ ਨੂੰ ਉਹ ‘ਦੂਜੇ ਜਨਮ ਦਿਨ’ ਵਜੋਂ ਪੂਰੇ ਉਤਸ਼ਾਹ ਨਾਲ ਮਨਾਉਂਦੇ ਹਨ।

ਸਰੋਤਾਂ ਅਨੁਸਾਰ ਇਸ ਰੁਝਾਨ ਨੂੰ ਅਪਨਾਉਣ ਦੇ ਪਿੱਛੇ ਕਈ ਦਿਲਚਸਪ ਕਾਰਨ ਹਨ। ਕਈ ਲੋਕ ਸਿਰਫ਼ ਇਸ ਲਈ ਆਪਣਾ ਜਨਮ ਦਿਨ ਬਦਲ ਰਹੇ ਹਨ ਤਾਂ ਜੋ ਉਹ ਬਿਹਤਰ ਮੌਸਮ ਵਿੱਚ ਜਸ਼ਨ ਮਨਾ ਸਕਣ। ਉਦਾਹਰਨ ਵਜੋਂ ਔਟਵਾ ਦੀ ਕੈਥੀ ਬ੍ਰੇਡੇਕ ਦਾ ਜਨਮ ਜਨਵਰੀ ਦੀ ਕੜਾਕੇ ਦੀ ਸਰਦੀ ਵਿੱਚ ਹੁੰਦਾ ਸੀ, ਜਿਸ ਕਾਰਨ ਕੋਈ ਪਾਰਟੀ ਨਹੀਂ ਹੋ ਪਾਉਂਦੀ ਸੀ। ਉਸ ਨੇ 40 ਸਾਲ ਦੀ ਉਮਰ ਵਿੱਚ ਆਪਣਾ ਜਨਮ ਦਿਨ ਅਗਸਤ ਦੇ ਮਹੀਨੇ ਮਨਾਉਣਾ ਸ਼ੁਰੂ ਕਰ ਦਿੱਤਾ ਤਾਂ ਜੋ ਉਹ ਗਰਮੀਆਂ ਦੇ ਮੌਸਮ ਵਿੱਚ ਲੋਕਾਂ ਨਾਲ ਮਿਲ ਕੇ ਖੁੱਲ੍ਹ ਕੇ ਜਸ਼ਨ ਮਨਾ ਸਕੇ।




ਕੁੱਝ ਲੋਕਾਂ ਲਈ ‘ਰੀ-ਬਰਥਡੇਅ’ ਮਹਿਜ਼ ਇੱਕ ਪਾਰਟੀ ਨਹੀਂ, ਸਗੋਂ ਜ਼ਿੰਦਗੀ ਦੇ ਮੁਸ਼ਕਿਲ ਦੌਰ ’ਤੇ ਜਿੱਤ ਦਾ ਜਸ਼ਨ ਹੈ। ਟੋਰੰਟੋ ਦੀ ਜਾਹਨਿਸ ਗਿਲਨ ਨੇ ਕੈਂਸਰ ਨੂੰ ਮਾਤ ਦੇਣ ਤੋਂ ਬਾਅਦ ਉਸ ਦਿਨ ਨੂੰ ਆਪਣਾ ‘ਰੀ-ਬਰਥਡੇਅ’ ਮੰਨਣਾ ਸ਼ੁਰੂ ਕਰ ਦਿੱਤਾ, ਜਿਸ ਦਿਨ ਉਸ ਦਾ ਸਟੈਮ ਸੈੱਲ ਟ੍ਰਾਂਸਪਲਾਂਟ ਹੋਇਆ ਸੀ। ਇਸੇ ਤਰ੍ਹਾਂ, ਔਟਵਾ ਦੀ ਨਤਾਲੀ ਮੂਰਸ ਉਸ ਦਿਨ ਨੂੰ ਆਪਣਾ ਨਵਾਂ ਜਨਮ ਦਿਨ ਮਨਾਉਂਦੀ ਹੈ ਜਦੋਂ ਉਸ ਨੇ ਆਪਣੀ ਅਸਲੀ ਪਛਾਣ (ਟ੍ਰਾਂਸਜੈਂਡਰ) ਨੂੰ ਜਨਤਕ ਤੌਰ ’ਤੇ ਸਵੀਕਾਰ ਕੀਤਾ ਸੀ। ਮਾਹਿਰਾਂ ਦਾ ਕਹਿਣਾ ਹੈ ਕਿ ਭਾਵੇਂ ਕਾਨੂੰਨੀ ਤੌਰ ’ਤੇ ਕੋਈ ਆਪਣੀ ਜਨਮ ਮਿਤੀ ਨਹੀਂ ਬਦਲ ਸਕਦਾ, ਪਰ ‘ਰੀ-ਬਰਥਡੇਅ’ ਦਾ ਇਹ ਟਰੈਂਡ ਲੋਕਾਂ ਨੂੰ ਆਪਣੀ ਜ਼ਿੰਦਗੀ ਦੇ ਅਹਿਮ ਪੜਾਵਾਂ ਅਤੇ ਪ੍ਰਾਪਤੀਆਂ ਨੂੰ ਆਪਣੇ ਤਰੀਕੇ ਨਾਲ ਸੈਲੀਬ੍ਰੇਟ ਕਰਨ ਦਾ ਮੌਕਾ ਦਿੰਦਾ ਹੈ। ਇਹ ਲੋਕਾਂ ਨੂੰ ਆਪਣੀ ਪਛਾਣ ਅਤੇ ਜੀਵਨ ਦੇ ਨਵੇਂ ਅਧਿਆਏ ਨੂੰ ਯਾਦਗਾਰ ਬਣਾਉਣ ਵਿੱਚ ਮਦਦ ਕਰ ਰਿਹਾ ਹੈ।

# ਕੈਨੇਡਾ ਪੁਲਿਸ ਨੇ ਸੈਲਾਨੀ ਬਣਕੇ ਆਏ ਸੈਂਕੜੇ ਅਪਰਾਧੀਆਂ ਦਾ ਪਰਦਾਫਾਸ਼ ਕੀਤਾ

## 10 ਭਾਰਤੀਆਂ ਸਮੇਤ 164 ਪਛਾਣੇ; ਪੰਜ ਭਾਰਤੀਆਂ ਸਮੇਤ 46 ਕਾਬੂ

ਵੈਨਕੂਵਰ, 7 ਜੂਨ (ਪ੍ਰਤੀਨਿਧੀ) : ਕੈਨੇਡਾ ਦੀ ਦੁਰਾਮ ਖੇਤਰੀ ਪੁਲਿਸ ਨੇ ਪ੍ਰੋਜੈਕਟ ਜੈਟਸੈਟਰ ਤਹਿਤ ਲੰਮੇ ਸਮੇਂ ਦੀ ਜਾਂਚ ਤੋਂ ਬਾਅਦ ਕੈਨੇਡਾ ’ਚ ਅਪਰਾਧ ਰਾਹੀਂ ਪੈਸਾ ਬਣਾਉਣ ਆਏ ਆਏ ਸੈਲਾਨੀਆਂ ਦਾ ਪ੍ਰਦਾਫਾਸ਼ ਕਰਕੇ ਦੇਸ਼ ਦੇ ਅਵਾਸ ਵਿਭਾਗ ਨੂੰ ਚੌਕਸ ਕੀਤਾ ਹੈ। ਇਸ ਵਰਤਾਰੇ ਨੂੰ ਕ੍ਰਿਮੀਨਲ ਟੂਰਿਸਜਮ ਦਾ ਨਾਂਅ ਦਿੰਦੇ ਹੋਏ ਪੁਲਿਸ ਨੇ ਦੇਸ਼ ਦੀਆਂ ਖੁਫੀਆ ਸੇਵਾਵਾਂ ਮੂਹਰੇ ਚੁਣੌਤੀ ਖੜੀ ਕਰ ਦਿੱਤੀ ਹੈ ਕਿ ਉਹ ਵਿਦੇਸ਼ੀਆਂ ਦੀਆਂ ਗਤੀਵਿਧੀਆਂ ’ਤੇ ਤਿੱਖੀ ਨਜ਼ਰ ਰੱਖਣ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੁਰਾਮ ਖੇਤਰੀ ਪੁਲਿਸ ਦੇ ਮੁੱਖੀ ਪੀਟਰ ਮੋਰੈਰੇ ਨੇ ਦੱਸਿਆ ਕਿ ਕੁਝ ਮਹੀਨਿਆਂ ਤੋਂ ਚੋਰੀਆਂ, ਲੁੱਟਾਂ, ਵਾਹਨ ਚੋਰੀ ਅਤੇ ਫੋਨ ਕਰਕੇ ਬਜੁਰਗਾਂ ਨਾਲ ਠੱਗੀਆਂ ਦੇ ਮਾਮਲਿਆਂ ਦੀ ਜਾਂਚ ’ਚ ਪਤਾ ਲੱਗਾ ਕਿ ਇੰਨਾਂ ਚੋਂ ਬਹੁਤੇ ਅਪਰਾਧ ਵਿਦੇਸ਼ਾਂ ਤੋਂ ਆਏ ਸੰਗਠਤ ਅਪਰਾਧੀ ਟੋਲਿਆਂ ਵਲੋਂ ਕੀਤੇ ਜਾਂਦੇ ਹਨ, ਜੋ ਇਸੇ ਨੀਅਤ ਨਾਲ ਸੈਲਾਨੀ ਬਣਕੇ ਕੈਨੇਡਾ ਆਏ ਹੋਏ ਸਨ।



ਪੁਲਿਸ ਮੁਖੀ ਨੇ ਦੱਸਿਆ ਕਿ ਹੁਣ ਤੱਕ ਪਛਾਣੇ ਗਏ ਇੰਨਾਂ ਅਪਰਾਧੀਆਂ ‘ਚ ਬਹੁਤੇ ਰੋਮਾਨੀਆ ਤੋਂ ਤੇ ਕੁਝ ਭਾਰਤ ਤੋਂ ਹਨ। ਪਛਾਣੇ ਗਏ ਅਪਰਾਧੀਆਂ ’ਚੋਂ 46 ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਦ ਕਿ 64 ਹੋਰਾਂ ਦੀਆਂ ਫੋਟੋਆਂ ਜਨਤਕ ਕੀਤੀਆਂ ਗਈਆਂ ਹਨ ਤਾਂ ਲੋਕ ਇੰਨਾਂ ਨੂੰ ਫੜਵਾਉਣ ਚ ਪੁਲਿਸ ਦੀ ਮਦਦ ਕਰ ਸਕਣ।

ਫੜੇ ਜਾਣ ਵਾਲਿਆਂ ’ਚ ਭਾਰਤੀ ਮੂਲ ਦੇ ਅਰਸ਼ਦੀਪ ਸਿੰਘ ਗੁਰਮ, ਅਰਸ਼ਜੋਤ ਸਿੰਘ ਢਿਲੋਂ, ਜਗਦੀਪ ਸਿੰਘ, ਗੁਪਪਰੀਤ ਕੌਰ, ਸਾਵਨ ਧਰਮੇਸ਼ ਭਾਈ ਹਨ, ਜਦ ਪੰਜ ਹੋਰਾਂ ਅਮਰਜੀਤ ਸਿੰਘ ਗਿੱਲ, ਅਰਮਾਨ ਸਰਮਾ, ਹਰਸਿਮਰਨ ਸਿੰਘ ਢਿਲੋਂ, ਗੁਰਿੰਦਰ ਸਿੰਘ ਅਤੇ ਜਗਦੀਪ ਸਿੰਘ ਦੀ ਭਾਲ ਜਾਰੀ ਹੈ।

ਪੁਲਿਸ ਮੁਖੀ ਨੇ ਦੱਸਿਆ ਕਿ ਇਹ ਲੋਕ ਕੁਝ ਦਿਨਾਂ ਬਾਦ ਆਪਣੇ ਅੱਡੇ ਬਦਲਦੇ ਰਹਿੰਦੇ ਸਨ ਤਾਂ ਕਿ ਨਵੇਂ ਲੋਕਾਂ ਨੂੰ ਝਾਂਸੇ ’ਚ ਲੈਕੇ ਠੱਗੀ ਮਾਰਨੀ ਸੁਖਾਲੀ ਹੋਵੇ। ਉਸਨੇ ਦੱਸਿਆ ਕਿ ਇੰਨਾਂ ਵਲੋਂ ਕੀਤੀਆਂ 200 ਤੋਂ ਵੱਧ ਅਪਰਾਧਕ ਘਟਨਾਵਾਂ ’ਚ 26 ਲੱਖ ਡਾਲਰ ਦੀ ਠੱਗੀ, ਚੋਰੀ ਅਤੇ ਲੁੱਟ ਕੀਤੀ ਗਈ ਜਿਸ ਕਾਰਨ ਇੰਨਾਂ ਤੇ 1146 ਅਪਰਾਧਿਕ ਧਾਰਾਵਾਂ ਲਾਈਆਂ ਗਈਆਂ ਹਨ।

ਪੁਲਿਸ ਅਨੁਸਾਰ ਫੜੇ ਗਏ ਦੋਸ਼ੀ ਦੁਰਾਮ ਖੇਤਰ ’ਚ ਹੀ ਅਪਰਾਧ ਕਰਦੇ ਸਨ, ਜਦ ਕਿ ਇਹ ਵਰਤਾਰਾ ਪੂਰੇ ਅਪਰਾਧੀ ਮਾਨਸਿਕਤਾ ਵਾਲੇ ਸੈਲਾਨੀ ਦੇਸ਼ ‘ਚ ਚਲਾ ਰਹੇ ਹਨ। ਇਹ ਲੋਕ ਆਮ ਕਰਕੇ ਫੋਨ ਕਾਲ ਰਾਹੀਂ ਜਾਂ ਓਨਲਾਈਨ ਠੱਗੀ ਨੂੰ ਤਜਰੀਹ ਦਿੰਦੇ ਹਨ, ਪਰ ਨਾਲੋ ਨਾਲ ਚੋਰੀ, ਲੁੱਟ ਅਤੇ ਝਪਟ ਵੀ ਕਰਦੇ ਹਨ। ਇਹ ਅਕਸਰ ਵਾਹਨ ਖਰੀਦਾਰ ਬਣਕੇ ਵੇਚਣ ਵਾਲੇ ਤੋਂ ਟੈਸਟ ਕਰਨ ਦੇ ਬਹਾਨੇ ਵਾਹਨ ਲੈਕੇ ਭੱਜ ਜਾਂਦੇ ਹਨ। ਔਰਤਾਂ ਦੇ ਗਲਾਂ ਤੇ ਹੱਥਾਂ ਚੋਂ ਸੋਨੇ ਦੇ ਗਹਿਣੇ ਵੀ ਝਪਟਦੇ ਸਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਖੇਤਰਾਂ ਦੀ ਪੁਲਿਸ ਨੂੰ ਇੰਨਾਂ ਦੇ ਢੰਗਾਂ ਬਾਰੇ ਚੌਕਸ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਵਲੋਂ ਵੀ ਪਛਾਣੇ ਗਏ ਦੋਸ਼ੀਆਂ ਨੂੰ ਫੜਨ ਲਈ ਕਾਰਵਾਈ ਜਾਰੀ ਰਹੇਗੀ।

# ਜੇਲ੍ਹਾਂ ’ਚ ਏ.ਆਈ. ਦੀ ਐਂਟਰੀ : ਬ੍ਰਿਟੇਨ ’ਚ ਕੈਦੀਆਂ ਦੀ ਚਮੜੀ ਦੇ ਹੇਠਾਂ ਏ.ਆਈ. ਚਿੱਪ ਲਗਾਉਣ ਦਾ ਪ੍ਰਸਤਾਵ

ਲੰਡਨ, 7 ਜੂਨ (ਪ੍ਰਤੀਨਿਧੀ) : ਬ੍ਰਿਟੇਨ ਵਿੱਚ ਜੇਲ੍ਹ ਪ੍ਰਬੰਧਨ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਸੁਰੱਖਿਅਤ ਬਣਾਉਣ ਲਈ ਆਰਟੀਫ਼ੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਵਰਤੋਂ ’ਤੇ ਗੰਭੀਰਤਾ ਨਾਲ ਵਿੱਚਾਰ ਕੀਤਾ ਜਾ ਰਿਹਾ ਹੈ। ਰਿਪੋਰਟਾਂ ਅਨੁਸਾਰ ਤਕਨਾਲੋਜੀ ਕੰਪਨੀਆਂ ਨੇ ਸਰਕਾਰ ਨੂੰ ਸੁਝਾਅ ਦਿੱਤੇ ਹਨ ਕਿ ਭਵਿੱਖ ਵਿੱਚ ਕੈਦੀਆਂ ਦੀ ਨਿਗਰਾਨੀ ਲਈ ਉਨ੍ਹਾਂ ਦੀ ਚਮੜੀ ਦੇ ਹੇਠਾਂ ਮਾਈਕ੍ਰੋਚਿੱਪ ਲਗਾਉਣ ਵਰਗੀਆਂ ਤਕਨੀਕਾਂ ਦਾ ਉਪਯੋਗ ਕੀਤਾ ਜਾ ਸਕਦਾ ਹੈ। ਇਸ ਨਾਲ ਜੇਲ੍ਹ ਪ੍ਰਸ਼ਾਸ਼ਨ ਨੂੰ ਕੈਦੀਆਂ ਦੀਆਂ ਗਤੀਵਿਧੀਆਂ ਅਤੇ ਸੰਭਾਵਿਤ ਜ਼ੋਖਮਾਂ ’ਤੇ ਨਜ਼ਰ ਰੱਖਣ ਵਿੱਚ ਮਦਦ ਮਿਲ ਸਕਦੀ ਹੈ।

ਜਾਣਕਾਰੀ ਅਨੁਸਾਰ ਪਿਛਲੇ ਸਾਲ ਬ੍ਰਿਟੇਨ ਦੇ ਜੇਲ੍ਹ ਮੰਤਰੀ ਲਾਰਡ ਟਿੰਪਸਨ ਨਾਲ ਹੋਈ ਇੱਕ ਬੈਠਕ ਵਿੱਚ ਕਈ ਵੱਡੀਆਂ ਤਕਨੀਕੀ ਕੰਪਨੀਆਂ ਦੇ ਪ੍ਰਤੀਨਿੱਧੀਆਂ ਨੇ ਹਿੱਸਾ ਲਿਆ ਸੀ। ਇਸ ਬੈਠਕ ਵਿੱਚ ਏ. ਆਈ. ਅਤੇ ਉੱਨਤ ਡਿਜੀਟਲ ਤਕਨੀਕਾਂ ਜ਼ਰੀਏ ਜੇਲ੍ਹਾਂ ਦੀ ਨਿਗਰਾਨੀ ਪ੍ਰਣਾਲੀ ਨੂੰ ਆਧੁਨਿਕ ਬਣਾਉਣ ਦੇ ਸੁਝਾਅ ਦਿੱਤੇ ਗਏ। ਬੈਠਕ ਵਿੱਚ ਐਮਾਜ਼ੋਨ, ਗੂਗਲ ਅਤੇ ਮਾਈਕ੍ਰੋਸੌਫ਼ਟ ਵਰਗੀਆਂ ਕੰਪਨੀਆਂ ਦੇ ਪ੍ਰਤੀਨਿੱਧੀਆਂ ਦੀ ਮੌਜੂਦਗੀ ਦੱਸੀ ਗਈ ਹੈ।



ਤਕਨੀਕੀ ਮਾਹਿਰਾਂ ਦਾ ਦਾਅਵਾ ਹੈ ਕਿ ਏ. ਆਈ. ਅਧਾਰਿਤ ਪ੍ਰਣਾਲੀਆਂ ਕੈਦੀਆਂ ਦੇ ਵਿਵਹਾਰ ਦਾ ਵਿਸ਼ਲੇਸ਼ਣ ਕਰ ਕੇ ਇਹ ਅਨੁਮਾਨ ਲਗਾਉਣ ਵਿੱਚ ਮਦਦ ਕਰ ਸਕਦੀਆਂ ਹਨ ਕਿ ਭਵਿੱਖ ਵਿੱਚ ਕਿਹੜਾ ਕੈਦੀ ਸੁਰੱਖਿਆ ਲਈ ਵਧੇਰੇ ਖ਼ਤਰਾ ਬਣ ਸਕਦਾ ਹੈ। ਇਸ ਨਾਲ ਜੇਲ੍ਹ ਪ੍ਰਸ਼ਾਸ਼ਨ ਨੂੰ ਸਮੇਂ ਸਿਰ ਲੋੜੀਂਦੇ ਕਦਮ ਚੁੱਕਣ ਅਤੇ ਸੰਭਾਵਿਤ ਘਟਨਾਵਾਂ ਨੂੰ ਰੋਕਣ ਵਿੱਚ ਸਹਾਇਤਾ ਮਿਲ ਸਕਦੀ ਹੈ।

ਬ੍ਰਿਟਿਸ਼ ਸਰਕਾਰ ਨੇ ਫ਼ਿਲਹਾਲ ਅਜਿਹੇ ਕਿਸੇ ਪ੍ਰਸਤਾਵ ਨੂੰ ਅਧਿਕਾਰਤ ਤੌਰ ’ਤੇ ਮਨਜ਼ੂਰੀ ਨਹੀਂ ਦਿੱਤੀ ਹੈ। ਹਾਲਾਂਕਿ ਜੇਲ ਸੁਧਾਰ ਅਤੇ ਤਕਨੀਕ ਦੇ ਵੱਧਦੇ ਉਪਯੋਗ ਨੂੰ ਦੇਖਦੇ ਹੋਏ ਇਸ ਵਿਸ਼ੇ ’ਤੇ ਬਹਿਸ ਤੇਜ਼ ਹੋ ਗਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਵਰ੍ਹਿਆਂ ਵਿੱਚ ਏ. ਆਈ. ਜੇਲ੍ਹ ਪ੍ਰਬੰਧਨ ਦਾ ਮਹੱਤਵਪੂਰਨ ਹਿੱਸਾ ਬਣ ਸਕਦਾ ਹੈ ਪਰ ਇਸ ਦੇ ਨਾਲ ਨੈਤਿਕ ਅਤੇ ਕਾਨੂੰਨੀ ਪਹਿਲੂਆਂ ’ਤੇ ਵੀ ਵਿਆਪਕ ਚਰਚਾ ਦੀ ਲੋੜ ਹੋਵੇਗੀ।

**ਕੈਦੀਆਂ ਨੂੰ ਲਿਆਉਣ-ਲਿਜਾਣ ’ਚ ਰੋਬੋਟ ਦਾ ਸੁਝਾਅ**

ਚਰਚਾ ਦੌਰਾਨ ਜੇਲ੍ਹਾਂ ਵਿੱਚ ਕੈਦੀਆਂ ਦੀ ਆਵਾਜਾਈ ਲਈ ਰੋਬੋਟਿਕਸ ਅਤੇ ਆਟੋਮੈਟਿਕ ਵਾਹਨਾਂ ਦੇ ਉਪਯੋਗ ’ਤੇ ਵੀ ਵਿੱਚਾਰ ਕੀਤਾ ਗਿਆ। ਪ੍ਰਸਤਾਵਾਂ ਵਿੱਚ ਸੈਲਫ਼-ਡ੍ਰਾਈਵਿੰਗ ਵਾਹਨਾਂ ਦੇ ਜ਼ਰੀਏ ਕੈਦੀਆਂ ਨੂੰ ਇੱਕ ਸਥਾਨ ਤੋਂ ਦੂਜੇ ਸਥਾਨ ਤਕ ਲੈ ਕੇ ਜਾਣ ਅਤੇ ਏ. ਆਈ. ਦੀ ਮਦਦ ਨਾਲ ਸੁਰੱਖਿਆ ਜ਼ੋਖਮਾਂ ਦੀ ਸਮੀਖਿਆ ਕਰਨ ਵਰਗੀਆਂ ਸੰਭਾਵਨਾਵਾਂ ’ਤੇ ਚਰਚਾ ਹੋਈ।

**ਪ੍ਰਾਈਵੇਸੀ ਅਤੇ ਮਨੁੱਖੀ ਅਧਿਕਾਰਾਂ ’ਤੇ ਉੱਠੇ ਸਵਾਲ**

ਹਾਲਾਂਕਿ ਇਸ ਤਰ੍ਹਾਂ ਦੀਆਂ ਤਕਨੀਕਾਂ ਨੂੰ ਲੈ ਕੇ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਪ੍ਰਾਈਵੇਸੀ ਦੇ ਸਮਰਥੱਕਾਂ ਨੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਕੈਦੀਆਂ ਦੇ ਸਰੀਰ ਵਿੱਚ ਮਾਈਕ੍ਰੋਚਿੱਪ ਲਗਾਉਣ ਵਰਗੀ ਵਿਵਸਥਾ ਲਾਗੂ ਕੀਤੀ ਜਾਂਦੀ ਹੈ ਤਾਂ ਇਸ ਨਾਲ ਨਿੱਜੀ ਸੁਤੰਤਰਤਾ ਅਤੇ ਪ੍ਰਾਈਵੇਸੀ ਨਾਲ ਜੁੜੇ ਗੰਭੀਰ ਪ੍ਰਸ਼ਨ ਖੜ੍ਹੇ ਹੋ ਸਕਦੇ ਹਨ। ਆਲੋਚਕਾਂ ਦਾ ਮੰਨਣਾ ਹੈ ਕਿ ਸੁਰੱਖਿਆ ਦੇ ਨਾਂ ’ਤੇ ਬਹੁਤ ਜ਼ਿਆਦਾ ਨਿਗਰਾਨੀ ਨਾਗਰਿਕ ਅਧਿਕਾਰਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

**ਭੀੜ-ਭੜੱਕੇ ਅਤੇ ਸੁਰੱਖਿਆ ਚੁਣੌਤੀਆਂ ਦਾ ਹੱਲ ਲੱਭਣ ਦੀ ਕੋਸ਼ਿਸ਼**

ਸਮਰਥੱਕਾਂ ਦਾ ਤਰਕ ਹੈ ਕਿ ਬ੍ਰਿਟੇਨ ਦੀਆਂ ਜੇਲਾਂ ਵਿੱਚ ਵਧਦੀ ਭੀੜ, ਸੁਰੱਖਿਆ ਸਬੰਧੀ ਚੁਣੌਤੀਆਂ ਅਤੇ ਅਪਰਾਧ ਦੀ ਰੋਕਥਾਮ ਲਈ ਆਧੁਨਿਕ ਤਕਨੀਕ ਦਾ ਉਪਯੋਗ ਜ਼ਰੂਰੀ ਹੋ ਸਕਦਾ ਹੈ। ਏ.ਆਈ. ਆਧਾਰਤ ਨਿਗਰਾਨੀ ਪ੍ਰਣਾਲੀ ਜੇਲ੍ਹ ਪ੍ਰਸ਼ਾਸ਼ਨ ਨੂੰ ਸਰੋਤਾਂ ਦਾ ਬਿਹਤਰ ਉਪਯੋਗ ਕਰਨ ਅਤੇ ਸੁਰੱਖਿਆ ਵਿਵਸਥਾ ਮਜ਼ਬੂਤ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ।

# ਅਮਰੀਕਾ ’ਤੇ ਛਾਇਆ ਭਾਰਤੀ ‘ਅੰਬਾਂ’ ਦਾ ਜਾਦੂ, ਕੇਸਰ ਅਤੇ ਲੰਗੜਾ ਤੱਕ ਦੇ ਦੀਵਾਨੇ ਹੋਏ ਅਮਰੀਕੀ

ਨਿਊ , 7 ਜੂਨ (ਪ੍ਰਤੀਨਿਧੀ) : ਨਿਊਯਾਰਕ/ਸਿਆਟਲ, 7 ਜੂਨ (ਪ੍ਰਤੀਨਿਧੀ) : ਭਾਰਤੀ ਅੰਬਾਂ ਦੀ ਅਮਰੀਕੀ ਸ਼ਹਿਰਾਂ ਵਿੱਚ ਤੇਜ਼ੀ ਨਾਲ ਮੰਗ ਵਧੀ ਹੈ। ਅਮਰੀਕੀ ਇਸ ਫ਼ਲ ਦੀਆਂ ਪ੍ਰਸਿੱਧ ਕਿਸਮਾਂ ਦਾ ਸੁਆਦ ਲੈ ਰਹੇ ਹਨ ਅਤੇ ਹੋਰ ਮੰਗ ਵੀ ਕਰ ਰਹੇ ਹਨ। ਸਿਆਟਲ ਵਿੱਚ ਭਾਰਤੀ ਕੌਂਸਲੇਟ ਨੇ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਜਿਸ ਵਿੱਚ ‘ਫ਼ਲਾਂ ਦੇ ਰਾਜਾ’ ਅੰਬ ਦੀ ਅਮਰੀਕਾ ਦੇ ਪ੍ਰਸ਼ਾਂਤ ਉੱਤਰ-ਪੱਛਮੀ ਖੇਤਰ ਵਿੱਚ ਨਿਰਯਾਤ ਅਤੇ ਵਰਤੋਂ ਦੀ ਸੰਭਾਵਨਾ ਨੂੰ ਉਜਾਗਰ ਕੀਤਾ ਗਿਆ। ਸਿਆਟਲ ਵਿੱਚ ਭਾਰਤੀ ਕੌਂਸਲੇਟ ਨੇ ‘ਮੈਂਗੋ ਮੈਜਿਕ : ਪ੍ਰਮੋਸ਼ਨ ਅਤੇ ਸਵਾਦ ਭਾਰਤੀ ਅੰਬ’ ਦੇ ਦੂਜੇ ਐਡੀਸ਼ਨ ਦੀ ਮੇਜ਼ਬਾਨੀ ਕੀਤੀ। ਇਸ ਸਮਾਗਮ ਵਿੱਚ ਭਾਰਤੀ ਫ਼ਲਾਂ ਦੇ 100 ਤੋਂ ਵੱਧ ਪ੍ਰਮੁੱਖ ਆਯਾਤਕ ਸ਼ਾਮਲ ਹੋਏ, ਜਿਨ੍ਹਾਂ ਵਿੱਚ ਕੋਸਟਕੋ ਵਰਗੇ ਅਮਰੀਕੀ ਪ੍ਰਚੂਨ ਦਿੱਗਜ਼ਾਂ ਦੀ ਸੀਨੀਅਰ ਲੀਡਰਸ਼ਿਪ ਵੀ ਸ਼ਾਮਲ ਸੀ।

ਇਸ ਦੌਰਾਨ ਆਯਾਤਕਾਰਾਂ ਨੂੰ ਭਾਰਤੀ ਅੰਬਾਂ ਦੀਆਂ ਸੱਤ ਪ੍ਰੀਮੀਅਮ ਕਿਸਮਾਂ – ਮਹਾਰਾਸ਼ਟਰ ਤੋਂ ਅਲਫ਼ੌਂਸੋ (ਹਾਫੂਸ) ਅਤੇ ਕੇਸਰ, ਆਂਧਰਾ ਪ੍ਰਦੇਸ਼ ਤੋਂ ਬੰਗਨਾਪੱਲੀ (ਸਫ਼ੇਦਾ) ਅਤੇ ਹਮਾਇਤ, ਉੱਤਰ ਪ੍ਰਦੇਸ਼ ਤੋਂ ਲੰਗੜਾ ਅਤੇ ਮਸ਼ਹੂਰ ਦੁਸਹਿਰੀ, ਅਤੇ ਗੁਜਰਾਤ ਤੋਂ ਰਾਜਾਪੁਰੀ ਦਾ ਸੁਆਦ ਲੈਣ ਦਾ ਮੌਕਾ ਵੀ ਮਿਲਿਆ। ਸਿਆਟਲ ਵਿੱਚ ਭਾਰਤੀ ਕੌਂਸਲੇਟ ਵਲੋਂ ਜਾਰੀ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਇਸ ਪ੍ਰੋਗਰਾਮ ਨੇ ਸੰਯੁਕਤ ਰਾਜ ਅਮਰੀਕਾ ਦੇ ਪ੍ਰਸ਼ਾਂਤ ਉੱਤਰ-ਪੱਛਮੀ ਖੇਤਰ ਵਿੱਚ ਖੇਤਰੀ ਅੰਬਾਂ ਦੀਆਂ ਕਿਸਮਾਂ ਅਤੇ ਉਨ੍ਹਾਂ ਦੇ ਨਿਰਯਾਤ ਅਤੇ ਖਪਤ ਦੀ ਸੰਭਾਵਨਾ ਨੂੰ ਹੋਰ ਵਧਾਇਆ ਹੈ। ਖੇਤੀਬਾੜੀ ਅਤੇ ਪ੍ਰੋਸੈਸਡ ਫ਼ੂਡ ਪ੍ਰੋਡਕਟਸ ਐਕਸਪੋਰਟ ਡਿਵੈਲਪਮੈਂਟ ਅਥਾਰਟੀ ਦੇ ਸਹਿਯੋਗ ਨਾਲ ਆਯੋਜਿਤ, ਭਾਰਤੀ ਅੰਬਾਂ ਦੇ ਪ੍ਰਚਾਰ ਪ੍ਰੋਗਰਾਮ ਵਿੱਚ ਭਾਰਤੀ ਅੰਬਾਂ ਨਾਲ ਤਿਆਰ ਕੀਤੇ ਗਏ ਭਾਰਤੀ ਪਕਵਾਨਾਂ ਦੀ ਵਿਸ਼ੇਸ਼ਤਾ ਵਾਲਾ ਦੁਪਹਿਰ ਦਾ ਖਾਣਾ ਵੀ ਸ਼ਾਮਲ ਸੀ। ਇੱਕ ਵੀਡੀਓ ਸੰਦੇਸ਼ ਵਿੱਚ, ਵਾਸ਼ਿੰਗਟਨ ਰਾਜ ਦੇ ਲੈਫ਼ਟੀਨੈਂਟ ਗਵਰਨਰ ਡੈਨੀ ਹੇਕ ਨੇ ਕਿਹਾ, ‘ਜਿੰਨਾ ਚਿਰ ਮੈਂ ਜਿਊਂਦਾ ਹਾਂ, ਮੈਂ ਇਸ ਅੰਬ ਸਮਾਗਮ ਵਿੱਚ ਸ਼ਾਮਲ ਹੋਣਾ ਕਦੇ ਨਹੀਂ ਭੁੱਲਾਂਗਾ।’ ਵਿਸ਼ੇਸ਼ ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਹੇਕ ਨੇ ਵਾਸ਼ਿੰਗਟਨ ਵਿੱਚ ਭਾਰਤੀ ਅੰਬਾਂ ਦੀ ਇੱਕ ਵਿਸ਼ਾਲ ਕਿਸਮ ਦੀ ਸ਼ੁਰੂਆਤ ਦਾ ਸਵਾਗਤ ਕੀਤਾ। ਕੋਸਟਕੋ ਥੋਕ ਵਿੱਚ ਤਾਜ਼ੇ ਫ਼ਲ ਅਤੇ ਸਬਜ਼ੀਆਂ ਦੀ ਵਿੱਕਰੀ ਦੇ ਉੱਪ ਪ੍ਰਧਾਨ ਬੌਬ ਹਸਕੀ ਨੇ ਕਿਹਾ ਕਿ ਪ੍ਰਚੂਨ ਦਿੱਗਜ਼ ਨੇ ਹਾਲ ਹੀ ਵਿੱਚ ਭਾਰਤੀ ਕੇਸਰ ਅੰਬ ਵੇਚਣੇ ਸ਼ੁਰੂ ਕੀਤੇ ਹਨ’ ਅਤੇ ਉਹ ਇੰਨੀ ਤੇਜ਼ੀ ਨਾਲ ਵਿੱਕ ਰਹੇ ਹਨ ਕਿ ਅਸੀਂ ਸਮੇਂ ਸਿਰ ਉਨ੍ਹਾਂ ਨੂੰ ਆਯਾਤ ਵੀ ਨਹੀਂ ਕਰ ਸਕਦੇ।